# ਵਤਨੋਂ ਦੂਰ



ਫ਼ਰਵਰੀ 1977; 50 ਸੈਂਟ; ਫ਼ੋਨ: 438-7793, 437-9014

ਸੰਪਾਦਕ ਸੁਰਿੰਦਰ ਧੰਜਲ

NEW ADDRESS: WATNO DUR, 14768 HALSTEAD PLACE, SURREY, B.C. V3R 6S5

# ARE YOU INTERESTED IN SAVING MONEY AND PAYING LESS INCOME TAX?



T. RAJ KAPAHI C.L.U.
Unit Supervisor
Res: 433-3441

Are you giving the Government money that could still be yours? Many people fail to take advantage of tax deferment privileges granted them for retirement savings. Are you?



RAVI MATHUR
Representative
Res: 438-2307

THE MONARCH LIFE ASSURANCE COMPANY

1520 - 777 Hornby Street
Vancouver 1, B.C.

**689-8831**

---

**GREAT SHOW OF WEDDING SAREES**

# FRONTIER CLOTH HOUSE

***(Wholesalers, Retailers and Importers)***

***6672 MAIN STREET***
***VANCOUVER, B.C.***

**Bus.: 325-4424**
**Res.: 324-5156**

***We Have Quality As Well As Quantity!***

**SPECIALISTS IN:**
**India Suits, Sarees, Lehngas, Capes, Hars, and other Indian Goods.**

**Japanese printed and plain sarees and suits, British cardigans, shirts, ladies' suits and children's clothes.**

**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2375**

**Manager Vancouver Branch**
**SUSHIL BATRA**

**Phone: 325-4424**

# Excelsior life

The Excelsior Life Insurance Company

Suite 205, 2025 West 42nd Ave.
Vancouver, B.C. V6M 2B5
(604) 263-0891

*take pleasure in announcing the appointment of*



GURPAIR SANGHERA M.A.
Res. 278-3690

## NIZAR R. DAMJI
&
## GURPIAR SANGHERA M.A.

*to our Vancouver Branch*

# OFF. 263-0891



NIZAR R. DAMJI
(known as "Nizar & Party" and Producer of "Aap-Ki-Mehfil"

We offer
a full line of insurance
products including:

*Family Insurance Needs*
*Business Insurance*
*Health Insurance*
*Children Education Plans*
*Estate Planning*
*Group (incl. Dental)*
*Registered Savings Plan*
*Mortgage Life Insurance*

---

***WE CARRY THE FOLLOWING***

ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:

- HAND BAGS
- LEATHER GOODS
- LUGGUGE, SILVER AND BRASS ARTWARE
- WOOD HANDICRAFT

ਹੈਂਡ ਬੈਗਜ਼
ਚਮੜੇ ਦੀਆਂ ਵਸਤਾ
ਚਾਂਦੀ ਤੇ ਪਿੱਤਲ ਦੀਆਂ
ਕਲਾ-ਕਿਰਤਾਂ
ਲੱਕੜ ਦੀਆਂ ਕਿਰਤਾਂ

- EAST INDIAN GROCERIES

ਭਾਰਤੀ ਗਰੌਸਰੀ

- BEDROOM SUITES
- CHESTERFIELDS
- COFFEE TABLES
- KITCHENETTE SETS

ਬੈੱਡ ਰੂਮ ਸੁਈਟਸ
ਚੈਸਟਰਫੀਲਡਜ਼
ਕੌਫੀ ਟੇਬਲ
ਕਿਚਨੈੱਟ ਸੈੱਟਸ

# SURAN ENTERPRISES LTD.

## IMPORTERS—RETAILERS

**33765 Essendene Ave.**
**Abbotsford, B.C.**
**853-4791**
**Prop.: Jobinder Singh Suran (Res. 434-5933)**

# GRAND OPENING SALE

AT

# KINGSGATE FURNITURE SALES LTD.

(HOUSE OF FURNITURE AND APPLIANCES)

104 KINGSGATE MALL
370 EAST BROADWAY VANCOUVER, B.C. V5T 4G5

**PHONE: 874-2625**

***CUSTOMER SATISFACTION GUARANTEED***

LOTS OF FREE PARKING

---

Autoplan

## KINGSGATE INSURANCE AGENCIES

104 KINGSGATE MALL
370 EAST BROADWAY VANCOUVER, B.C. V5T 4G5



RIASAT ALI KHAN
Member M.D.R.T.
Residence: 873-1969

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans



SARAJ KHAN
Residence: 873-1969

**FOR ALL YOUR INSURANCE NEEDS — KINGSGATE INSURANCE AGENCIES**

# Bus. Tel. 872-7827 or 874-2125

OFFICE HOURS: Monday to Wednesday and Saturday 9 a.m. - 6 p.m.
Thursday - Friday 9 a.m. - 9 p.m.

FOR DOMINION AUTOMOBILE ASSOCIATION DAA MEMBERSHIP CONTACT



DALJIT SIDHU

PHONE
Off: 872-7827
Res: 271-4774

# SHAN SAREES & KNITWEAR

6658 MAIN STREET, VANCOUVER, B C. VTX 3H2

## ਸ਼ਾਨ ਸਾੜੀਜ਼ ਐਂਡ ਨਿੱਟਵੀਅਰ





ਡਰੇਪਸ ਆਰਡਰ ਨਾਲ 10 ਲੱਖ ਡਾਲਰ ਦੀ ਲਾਟਰੀ ਟਿਕਟ ਮੁਫ਼ਤ

## ARE YOU LOOKING

**FOR DRAPES FOR YOUR WINDOWS?**

●

## NO NEED TO SHOP AROUND

## WE SELL THE BEST AT LOWEST PRICES

**WE BRING THE WIDE VARIETY OF SAMPLES IN YOUR OWN HOME.**

**" TO INSTALL THE TRACKS AND DRAPES IS OUR BUSINESS "**

**Call SUCHA S. CLAIRE today–Phone:**

**BUS: 321-0847**

**RES: 325-8342**

**FOR ALL YOUR SAREES, BED SHEETS, CHESTERFIELD AND CHAIR THROWS, AND BED SPREADS NEEDS VISIT OUR STORE**

# THE WATNO DŪR

**14768 HALSTEAD PLACE**
**SURREY, B.C., V3R 6S5**

FOUNDER PUBLISHER:
Tara Singh Hayer (584-3714)
EDITOR:
Surinder Dhanjal (438-7793)
ASSISTANT EDITOR:
Sadhu (437-9014)
ADVERTISING EDITOR:
Daljit Toor (438-5660)
ASSISTANT ADVERTISING EDITOR:
Karamjit Ghuman (324-0147)
MANAGING EDITOR:
Gurcharan Tallewalia (271-4742)

EDITORIAL BOARD:
Ajmer Rodey (438-7793)
Iqbal Ramuwalia (741-7538)
Latt Bhinder (478-8436)
Sarwan Boal (434-6498)

VOL. 5, NO. 44, FEBRUARY 1977
Second Class Mail Registration
Number 3233

*WATNO DUR*
*(Far from the Motherland) is a Literary & Cultural Monthly of Panjabi Language - the mother-tongue of East Panjab (India) & West Panjab (Pakistan) - published by WATNO DUR PUBLICATIONS (Regd.). WATNO DUR has been serving Canadian readers since July, 1973. The contributors include well-known Panjabi writers from Canada, India, Pakistan & England.*

**ANNUAL SUBSCRIPTION:**

| | | |
|---|---|---|
| CANADA-U.S.A. | | $5.00 |
| OTHER | SEA | $5.00 |
| COUNTRIES | AIR | $8.00 |

## ਕੁਝ ਸੰਪਾਦਕੀ ਵਰਕਾ... ...

* 'ਮਾਤ-ਭੂਮੀ ਤੇ ਮਾਂ-ਬੋਲੀ' (ਰੂਸੀ ਲੇਖਕ ਰਸੂਲ ਹਮਜ਼ਾਤੋਵ) ਬਾਰੇ:

"ਰਸੂਲ ਹਮਜ਼ਾਤੋਵ ਸੋਵੀਅਤ ਯੂਨੀਅਨ ਦੇ ਪ੍ਰਸਿੱਧ ਕਵੀਆਂ ਵਿਚੋਂ ਇਕ ਹੈ। ਉਹ ਰੂਸ ਦੀ ਇਕ ਰਿਪਬਲਿਕ ਦਾਗਿਸਤਾਨ ਵਿਚ 1923 ਵਿਚ ਪੈਦਾ ਹੋਇਆ। ਹੁਣ ਤੱਕ ਰਸੂਲ ਦੇ ਚਾਲੀ ਦੇ ਕਰੀਬ ਕਾਵਿ-ਸੰਗ੍ਰਹਿ ਛਪ ਚੁਕੇ ਹਨ। ਰਸੂਲ ਨੇ ਵਾਰਤਕ ਵੀ ਲਿਖੀ ਹੈ। ਉਸ ਦੀ ਵਾਰਤਕ ਵਿਚ ਇਕ ਅਲੌਕਿਕ ਰੰਗ ਤੇ ਕਾਵਿਕਤਾ ਹੈ।"

—ਬਰਜਿੰਦਰ ਹਮਦਰਦ (ਸੰਪਾਦਕ 'ਦ੍ਰਿਸ਼ਟੀ')

* ਕਮਿਸ਼ਨ (ਉਰਦੂ ਲੇਖਕ ਸਆਦਤ ਹਸਨ ਮੰਟੋ) ਬਾਰੇ:

"ਮੰਟੋ ਦਾ ਇਹ ਡਰਾਮਾ ਸਮੇਂ ਤੇ ਸਥਾਨ ਦੀਆਂ ਹੱਦਾਂ ਟੱਪਕੇ ਅੱਜ ਦੇ ਰਾਜਸੀ ਨੇਤਾਵਾਂ ਦੀਆਂ ਕੁਟਿਲ ਨੀਤੀਆਂ ਤੇ ਕਾਗਜ਼ੀ ਕਾਰਵਾਈਆਂ ਦਾ ਬੜੇ ਵਿਅੰਗਾਤਮਿਕ ਢੰਗ ਨਾਲ ਪਰਦਾ ਫਾਸ਼ ਕਰਦਾ ਹੈ।"

—ਪਿਆਰਾ ਸਿੰਘ ਦਾਤਾ (ਸੰਪਾਦਕ 'ਨਵਾਂ ਸਾਹਿਤ')

* ਹੂਟਰ (ਹਿੰਦੀ ਲੇਖਕ ਰਮੇਸ਼ ਬੱਤਰਾ) ਬਾਰੇ:

"... ਉਸਨੂੰ ਟਜੇਨ ਆਉਂਦੇ ਲੋਕਾਂ ਦੀਆਂ ਕੁਰਖ਼ਤ ਆਵਾਜ਼ਾਂ ਵਿੱਚ ਮਿਲਕੇ ਕਿਸੇ ਹੂਟਰ ਦੀ ਗੂੰਜ ਵਾਂਗ ਉਸਦਾ ਪਿੱਛਾ ਕਰ ਰਹੀ ਸੀ। ਅਤੇ ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਬੇਵਕਤ ਹੂਟਰ ਕਿੱਥੇ ਚੀਕ ਰਿਹਾ ਹੈ...।" ਹੂਟਰ ਕਹਾਣੀ ਦੀਆਂ ਇਹ ਅੰਤਮ ਸਤਰਾਂ ਪੜ੍ਹਨ ਉਪਰੰਤ ਮੇਰੇ ਜ਼ਿਹਨ ਵਿੱਚ ਖ਼ਲੀਲ ਜਿਬਰਾਨ ਦੇ ਇਹ ਸ਼ਬਦ ਗੂੰਜ ਰਹੇ ਸਨ:

'ਉਹ ਮੈਨੂੰ ਕਹਿੰਦੇ ਹਨ: ਜੇ ਤੂੰ ਕਿਸੇ ਗ਼ੁਲਾਮ ਨੂੰ ਸੁੱਤੇ ਪਏ ਨੂੰ ਵੇਖੇਂ, ਤਾਂ ਉਸਨੂੰ ਜਗਾਈਂ ਨਾ; ਹੋ ਸਕਦਾ ਹੈ ਕਿ ਉਹ ਆਜ਼ਾਦੀ ਦਾ ਸੁਪਨਾ ਵੇਖ ਰਿਹਾ ਹੋਵੇ। ਤੇ ਮੈਂ ਕਹਿੰਦਾ ਹਾਂ: ਜੇ ਤੁਸੀਂ ਕਿਸੇ ਗ਼ੁਲਾਮ ਨੂੰ ਸੁੱਤੇ ਪਏ ਨੂੰ ਵੇਖੋ, ਤਾਂ ਉਸਨੂੰ ਜਗਾਓ ਤੇ ਉਸ ਨਾਲ ਆਜ਼ਾਦੀ ਬਾਰੇ ਗੱਲਾਂ ਕਰੋ।'

* ਮੁੱਖ-ਚਿਤਰ ਬਾਰੇ:

ਇਕ ਅਤਿ ਪਿਆਰੇ ਦੋਸਤ ਨੂੰ ਖ਼ਤ ਲਿਖਣ ਬੈਠਿਆ। ਪੈੱਨ ਚੋਂ ਸਿਆਹੀ ਤਕਰੀਬਨ ਖ਼ਤਮ ਹੋਣ ਵਾਲੀ ਹੋਣ ਕਰਕੇ ਉਸਨੇ ਠੀਕ ਲਿਖਣੋਂ ਇਨਕਾਰ ਕਰ ਦਿੱਤਾ। 'ਸ਼ਾਇਦ ਚੱਲ ਪਵੇ', ਇਸ ਆਸ ਨਾਲ ਮੈਂ ਬੇਤਰਤੀਬੀਆਂ ਲਾਈਨਾਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ- ਥੋੜ੍ਹੀ ਦੇਰ ਬਾਅਦ ਸਿਆਹੀ ਬਿਲਕੁਲ ਖ਼ਤਮ ਹੋ ਗਈ।

ਸਿੱਟਾ: 'ਅਚੇਤ ਮਨ' ਤੇ ਪਏ 'ਸੁਚੇਤ ਪ੍ਰਭਾਵ'
ਉਲੀਕਦਾ ਚਿੱਤਰ, 'ਇਕ ਪੈੱਨ ਦਾ ਆਖ਼ਰੀ ਕ੍ਰਿਸ਼ਮਾ'

- ਸੁਰਿੰਦਰ ਧੰਜਲ

# ਮਾਤ-ਭੂਮੀ ਤੇ ਮਾਂ-ਬੋਲੀ

## ਰਸੂਲ ਹਮਜ਼ਾਤੋਵ

ਇਕ ਵਾਰੀ ਪੈਰਿਸ ਵਿਚ ਮੈਨੂੰ ਇਕ ਦਾਗਿਸਤਾਨੀ ਕੌਮੀਅਤ ਦਾ ਚਿਤਰਕਾਰ ਮਿਲਿਆ। ਉਹ ਇਨਕਲਾਬ ਤੋਂ ਕੁਝ ਹੀ ਪਿਛੋਂ ਪੜ੍ਹਾਈ ਕਰਨ ਲਈ ਇਟਲੀ ਚਲਿਆ ਗਿਆ ਸੀ, ਉਥੇ ਇਟਲੀ ਦੀ ਕੁੜੀ ਨਾਲ ਵਿਆਹ ਕਰਾ ਲਿਆ ਤੇ ਉਥੇ ਹੀ ਰਹਿ ਗਿਆ। ਪਹਾੜਾਂ ਦੇ ਨਿਯਮਾਂ ਦਾ ਆਦੀ, ਉਸ ਲਈ ਆਪਣੇ ਅਪਣਾਏ ਦੇਸ ਵਿਚ ਰਹਿਣਾ ਮੁਸ਼ਕਲ ਸੀ। ਉਸਨੇ ਬਹੁਤ ਰਟਣ ਕੀਤਾ, ਦੂਰ ਦੂਰ ਦੇ ਦੇਸਾਂ ਦੀਆਂ ਸਾਨਦਾਰ ਰਾਜਧਾਨੀਆਂ ਦੇਖੀਆਂ, ਪਰ ਉਹ ਜਿਥੇ ਵੀ ਕਿਤੇ ਗਿਆ, ਉਸਦੀ ਅੰਦਰਲੀ ਖੋਹ ਨੇ ਉਸਨੂੰ ਚੈਨ ਨਾ ਲੈਣ ਦਿਤਾ। ਮੈਂ ਉਸਨੂੰ ਆਪਣੇ ਚਿਤਰ ਵਿਖਾਉਣ ਲਈ ਕਿਹਾ ਤਾਂ ਕਿ ਮੈਂ ਰੰਗਾਂ ਵਿਚ ਪ੍ਰਗਟ ਕੀਤਾ ਇਹ ਉਦਰੇਵਾਂ ਦੇਖ ਸਕਾਂ।

ਸਚਮੁਚ, ਇਕ ਚਿਤਰ ਨੂੰ ਨਾਂ ਹੀ "ਉਦਰੇਵਾਂ" ਦਿਤਾ ਗਿਆ ਸੀ। ਇਸ ਵਿਚ ਇਕ ਇਤਾਲਵੀ ਔਰਤ (ਉਸਦੀ ਪਤਨੀ) ਪ੍ਰੰਪਰਾਈ ਅਵਾਰ ਕਪੜੇ ਪਾਈ ਦਿਖਾਈ ਗਈ ਸੀ। ਉਹ ਗੋਤਸਾਤਲੀ ਦੇ ਪ੍ਰਸਿਧ ਕਾਰੀਗਰ ਦੀ ਰਚਨਾ—ਇਕ ਉਕਰਾਈ ਵਾਲਾ ਚਾਂਦੀ ਦਾ ਘੜਾ—ਫੜੀ ਪਹਾੜੀ ਚਸ਼ਮੇ ਕੋਲ ਖੜੀ ਸੀ। ਪਹਾੜੀ ਢਲਾਣ ਉਤੇ ਪੱਥਰ ਦੇ ਬਣੇ ਘਰਾਂ ਵਾਲੀ ਇਕ ਉਦਾਸ ਜਿਹੀ ਅਵਾਰ ਆਊਲ ਆਲ੍ਹਣੇ ਵਾਂਗ ਖੜ੍ਹੀ ਸੀ, ਤੇ ਉਸਦੇ ਪਿਛੋਕੜ ਵਿਚ ਹੋਰ ਵੀ ਜ਼ਿਆਦਾ ਉਦਾਸ ਪਹਾੜ ਸੀ, ਜਿਸਦੀ ਚੋਟੀ ਧੁੰਦ ਵਿਚ ਲੁਕੀ ਹੋਈ ਸੀ।

"ਧੁੰਦ-ਪਹਾੜਾਂ ਦੇ ਅੱਥਰੂ ਹਨ." ਚਿਤਰਕਾਰ ਨੇ ਕਿਹਾ। "ਜਦੋਂ ਢਲਾਨਾਂ ਧੁੰਦ ਨਾਲ ਕੱਜੀਆਂ ਹੁੰਦੀਆਂ ਨੇ, ਤਾਂ ਭੁਰਭੁਰਾਈਆਂ ਚਟਾਨਾਂ ਤੇ ਸਾਫ਼ ਤੁਪਕੇ ਵਹਿਣੇ ਸੁਰੂ ਹੋ ਜਾਂਦੇ ਨੇ। ਉਹ ਧੁੰਦ ਮੈਂ ਹਾਂ।"

ਇਕ ਹੋਰ ਤਸਵੀਰ ਵਿਚ ਖਾਲੀ ਚੱਟਾਨਾਂ ਵਿਚਕਾਰ ਉਗਦੀ ਇਕ ਥੋਹਰ ਉਤੇ ਬੈਠਾ ਇਕ ਪੰਛੀ ਦਿਖਾਇਆ ਗਿਆ ਹੈ। ਪੰਛੀ ਗਾ ਰਿਹਾ ਹੈ, ਤੇ ਸਕਲੀਆ ਦੀ ਬਾਰੀ ਵਿਚੋਂ ਇਕ ਉਦਾਸ ਪਹਾੜਣ ਬਾਹਰ ਨੂੰ ਦੇਖ ਰਹੀ ਹੈ। ਚਿਤਰ ਵਿਚ ਮੇਰੀ ਦਿਲਚਸਪੀ ਦੇਖਦਿਆਂ, ਚਿਤਰਕਾਰ ਨੇ ਮੈਨੂੰ ਦਸਿਆ: "ਇਸਦੀ ਪ੍ਰੇਰਨਾ ਇਕ ਪੁਰਾਤਨ ਅਵਾਰ ਕਥਾ ਤੋਂ ਮਿਲੀ ਹੈ।"

"ਕਿਹੜੀ ਕਥਾ?"

"ਇਕ ਵਾਰੀ ਇਕ ਪੰਛੀ ਫੜ ਕੇ ਪਿੰਜਰੇ ਵਿਚ ਪਾ ਦਿਤਾ ਗਿਆ। ਪਿੰਜਰੇ ਵਿਚ ਬੰਦ, ਪੰਛੀ ਦਿਨ ਰਾਤ ਦੁਹਰਾਉਂਦਾ ਰਹਿੰਦਾ, 'ਮੇਰੀ ਮਾਤਭੂਮੀ, 'ਮੇਰੀ ਮਾਤਭੂਮੀ', 'ਮੇਰੀ ਮਾਤਭੂਮੀ', 'ਮੇਰੀ ਮਾਤਭੂਮੀ'। ਬਿਲਕੁਲ ਉਸੇ ਤਰ੍ਹਾਂ ਮੈਂ ਇਹ ਸਾਰੇ ਸਾਲ ਇਹ ਸ਼ਬਦ ਦੁਹਰਾਉਂਦਾ ਰਿਹਾ ਹਾਂ।...ਪੰਛੀ ਦੇ ਮਾਲਕ ਨੇ ਸੋਚਿਆ: 'ਕਿਸ ਤਰ੍ਹਾਂ ਦੇ ਘਰ ਵਿਚੋਂ ਪੰਛੀ ਆਇਆ ਹੈ? ਇਹ ਜ਼ਰੂਰ ਕੋਈ ਸੁੰਦਰ ਫੁੱਲਾਂ-ਲੱਦਿਆ ਦੇਸ਼ ਹੋਵੇਗਾ, ਜਿਥੇ ਸਵਰਗੀ ਰੁੱਖ ਤੇ ਸਵਰਗੀ ਪੰਛੀ ਹੁੰਦੇ ਹੋਣਗੇ। ਮੈਂ ਪੰਛੀ ਨੂੰ ਛੱਡ ਕੇ ਤਾਂ ਦੇਖਾਂ ਇਹ ਜਾਂਦਾ ਕਿਧਰ ਨੂੰ ਹੈ। ਇਹ ਮੈਨੂੰ ਉਸ ਸ਼ਾਨਦਾਰ ਦੇਸ ਦਾ ਰਾਹ ਦਿਖਾਇਗਾ।' ਉਸਨੇ ਪਿੰਜਰੇ ਦੀ ਬਾਰੀ ਖੋਹਲ ਦਿਤੀ ਤੇ ਪੰਛੀ ਉੱਡ ਗਿਆ। ਦੱਸਾਂ ਕਦਮਾਂ ਦੀ ਦੂਰੀ ਉਤੇ ਇਹ ਸਖਣੀਆਂ ਚਟਾਨਾਂ ਉਤੇ ਉਗਦੀ ਥੋਹਰ ਉਤੇ ਜਾ ਬੈਠਾ। ਇਸਦਾ ਆਲ੍ਹਣਾ ਵੀ ਉਸੇ ਝਾੜੀ ਦੀਆਂ ਟਾਹਣਾਂ ਵਿਚ ਸੀ। ਆਪਣੇ ਪਿੰਜਰੇ ਦੀਆਂ ਬਾਰੀਆਂ ਵਿਚੋਂ ਮੈਂ ਵੀ ਆਪਣੀ ਮਾਤਭੂਮੀ ਦੇਖ ਸਕਦਾ ਹਾਂ," ਚਿਤਰਕਾਰ ਨੇ ਗੱਲ ਖਤਮ ਕੀਤੀ।

"ਫਿਰ ਤੁਸੀਂ ਵਾਪਸ ਦੇਸ ਕਿਉਂ ਨਹੀਂ ਮੁੜਣਾ ਚਾਹੁੰਦੇ?"

"ਬਹੁਤ ਦੇਰ ਹੋ ਗਈ ਹੈ। ਆਪਣੇ ਵੇਲੇ ਮੈਂ ਮਾਤਭੂਮੀ ਤੋਂ ਇਕ ਨੌਜਵਾਨ ਭਖਦਾ ਦਿਲ ਲੈ ਕੇ ਆਇਆ ਸਾਂ। ਮੈਂ ਬੁਢੀਆਂ ਹੱਡੀਆਂ ਲੈ ਕੇ ਕਿਵੇਂ ਵਾਪਸ ਜਾ ਸਕਦਾ ਹਾਂ।"

ਪੈਰਿਸ ਤੋਂ ਵਾਪਸ ਆ ਕੇ ਮੈਂ ਚਿਤਰਕਾਰ ਦੇ ਰਿਸ਼ਤੇਦਾਰਾਂ ਨੂੰ ਲਭਿਆ। ਮੈਨੂੰ ਜਾਣ ਕੇ ਹੈਰਾਨੀ ਹੋਈ ਕਿ ਉਸਦੀ ਮਾਂ ਅਜੇ ਵੀ ਜਿਊਂਦੀ ਹੈ। ਉਦਾਸ ਚਿਹਰਿਆਂ ਨਾਲ, ਸਕਲੀਆ ਵਿਚ ਇਕੱਠੇ ਹੋਏ ਰਿਸ਼ਤੇਦਾਰਾਂ ਨੇ ਉਸ ਸਪੂਤ ਬਾਰੇ ਮੇਰੀ ਕਹਾਣੀ ਸੁਣੀ, ਜਿਹੜਾ ਆਪਣੀ ਮਾਤਭੂਮੀ ਨੂੰ ਛੱਡ ਕੇ ਪ੍ਰਦੇਸੀਂ ਜਾ ਵਸਿਆ ਸੀ। ਪਰ ਲਗਦਾ ਸੀ ਕਿ ਉਹਨਾਂ ਨੇ ਉਸਨੂੰ ਮੁਆਫ਼ ਕਰ ਦਿਤਾ ਹੈ ਤੇ ਇਹ ਜਾਣ ਕੇ ਉਹਨਾਂ ਨੂੰ ਖੁਸ਼ੀ ਹੋਈ ਕਿ ਉਹ ਅਜੇ ਜਿਊਂਦਾ ਹੈ।

"ਤੁਸੀਂ ਗੱਲਾਂ ਅਵਾਰ ਬੋਲੀ ਵਿਚ ਕੀਤੀਆਂ?" ਅਚਾਨਕ ਉਸਦੀ ਮਾਂ ਨੇ ਪੁਛਿਆ।

"ਨਹੀਂ, ਅਸੀਂ ਦੁਭਾਸ਼ੀਏ ਰਾਹੀਂ ਗੱਲਾਂ ਕੀਤੀਆਂ। ਮੈਂ ਰੂਸੀ ਬੋਲਦਾ ਸਾਂ ਤੇ ਤੁਹਾਡਾ ਸਪੁੱਤਰ ਫ਼ਰਾਂਸੀਸੀ।"

ਮਾਂ ਨੇ ਆਪਣਾ ਮੂੰਹ ਕਾਲੇ ਘੁੰਡ ਹੇਠ ਢੱਕ ਲਿਆ, ਜਿਵੇਂ ਸਾਡੀਆਂ ਔਰਤਾਂ ਪੁੱਤਰ ਦੀ ਮੌਤ ਬਾਰੇ ਪਤਾ ਲੱਗਣ ਉਤੇ ਢੱਕ ਲੈਂਦੀਆਂ ਹਨ। ਪੱਧਰੀ ਛੱਤ ਉਤੇ ਬਾਰਸ਼ ਪੈ ਰਹੀ ਸੀ। ਅਸੀਂ ਅਵਾਰਿਸਤਾਨ ਵਿਚ ਸਾਂ। ਦੁਨੀਆਂ ਦੇ ਦੂਜੇ ਸਿਰੇ, ਕਿਤੇ ਪੈਰਿਸ ਵਿਚ, ਦਾਗਿਸਤਾਨ ਦਾ ਇਕ ਖਾਊ-ਉਡਾਊ ਪੁੱਤਰ ਵੀ ਸ਼ਾਇਦ ਬਾਰਸ਼ ਦੀ ਟਾਪ ਸੁਣ ਰਿਹਾ ਹੋਵੇਗਾ।

"ਤੈਨੂੰ ਗ਼ਲਤੀ ਲੱਗੀ ਹੈ, ਰਸੂਲ", ਬਹੁਤ ਦੇਰ ਚੁੱਪ ਰਹਿਣ ਪਿਛੋਂ ਮਾਂ ਬੋਲੀ। "ਮੇਰਾ ਪੁੱਤ ਤਾਂ ਕਦੋ ਦਾ ਮਰ ਚੁੱਕਾ ਹੈ। ਉਹ ਮੇਰਾ ਪੁੱਤਰ ਨਹੀਂ ਹੋ ਸਕਦਾ। ਮੇਰਾ ਕੋਈ ਵੀ ਪੁੱਤਰ ਉਹ ਬੋਲੀ ਨਹੀਂ ਸੀ ਭੁੱਲ ਸਕਦਾ ਜਿਹੜੀ ਉਸਨੂੰ ਮੈਂ, ਇਕ ਅਵਾਰ ਮਾਂ ਨੇ ਸਿਖਾਈ ਸੀ।"

# ਅਮਲੀ ਤੇ ਵੱਡੀ ਹੀਰ

(ਜਸਵੰਤ ਤੇ ਸੱਜਣ ਦੇ ਨਾਂ!)

ਵਰਿਆਮ ਸਿੰਘ ਸੰਧੂ

ਸੂਰਜ ਸਿਰ 'ਤੇ ਸੀ ਅਤੇ ਪਸੀਨਾਂ ਸਿਰ ਤੋਂ ਲੈ ਕੇ ਪੈਰਾਂ ਤੀਕ !

ਬਸੋਂ ਉਤਰਦਿਆਂ ਮੈਂ ਦੂਰੋਂ ਹੀ ਸੁਖਵੰਤ ਨੂੰ ਪਿੰਡੋਂ ਪੰਜ ਸਤ ਕਿੱਲੇ ਬਾਹਰ ਬੰਬੀ ਤੇ ਫਿਰਦਿਆਂ ਤੱਕਿਆ ਤਾਂ ਘਰ ਜਾਣ ਦੀ ਥਾਂ ਸਿੱਧਾ ਉੱਧਰ ਹੀ ਤੁਰ ਪਿਆ। ਮੇਰੇ ਹੱਥ ਵਿਚ ਤੇਲ ਵਾਲਾ ਖਾਲੀ ਕੈਨ ਤੱਕ ਕੇ ਪਹਿਲਾਂ ਤਾਂ ਉਹ ਮੁਸਕ੍ਰਾਇਆ ਤੇ ਫਿਰ ਘੁੱਟ ਕੇ ਮਿਲਦਿਆਂ ਹਾਲ ਚਾਲ ਪੁੱਛਿਆ।

"ਤੇਰੇ ਯਾਰਾਂ ਦੇ ਸਤਾਏ ਭੱਜੇ ਫਿਰਦੇ ਆਂ ... ...।" ਮੇਰਾ ਇਸ਼ਾਰਾ ਸਰਕਾਰ ਵੱਲ ਸੀ, ਜਿਸ ਦੀ ਮਦਦ ਉਹਨਾਂ ਦੀ ਪਾਰਟੀ ਐਤਕੀਂ ਕਰ ਰਹੀ ਸੀ, ਕਿਉਂਕਿ ਉਹਨਾਂ ਦੀਆਂ ਨਜ਼ਰਾਂ ਵਿਚ ਹੁਣ ਰਾਜ ਕਰਨ ਵਾਲੀ ਇਹੋ ਹੀ ਇਕ ਪਾਰਟੀ ਸੀ ਜੋ ਸਮਾਜਵਾਦ ਦੀ ਸੜਕ ਤੇ ਸਿੱਧੀ ਤੁਰ ਰਹੀ ਸੀ।

ਲੰਮੇ ਬਲਦੇ ਦਿਨਾਂ ਵਿਚ, ਲੰਮੀ ਉਡੀਕ ਕਰਦਿਆਂ, ਲੰਮੀਆਂ ਲਾਈਨਾਂ ਵਿਚ ਖੜੋਣ ਤੋਂ ਪਿਛੋਂ ਵੀ ਤੇਲ ਨਹੀਂ ਸੀ ਮਿਲਿਆ। ਖਿਝੇ ਹੋਏ ਜੱਟਾਂ ਦੇ ਹੱਥਾਂ ਵਿਚ ਕੈਨ ਸਨ ਤੇ ਉਹਨਾਂ ਦਾ ਦਿਲ ਕਰਦਾ ਪਿਆ ਸੀ; ਇਹ ਕੈਨ ਆਪਣੇ ਸਿਰ ਵਿਚ ਮਾਰਨ ਜਾਂ ਸਰਕਾਰ ਦੇ ਸਿਰ 'ਚ। ਗਾਲ੍ਹਾਂ ਕੱਢਦੀ ਤੇ ਦੰਦ ਕਰੀਚਦੀ ਭੀੜ ਨੇ ਉੱਚੇ ਪੁਲ ਤੇ ਬੱਸ ਲੂਹ ਦਿਤੀ ਤੇ ਬੱਸਾਂ ਵਿਚੋਂ ਦਿਸਦੇ ਸਰਕਾਰੀ ਮੂੰਹ ਤੇ ਕੈਨ ਮਾਰ ਮਾਰ ਕੇ ਰੋਹ ਮੱਠਾ ਕਰਨਾ ਸ਼ੁਰੂ ਕੀਤਾ। ਪੰਜ ਮਿੰਟ ਪਿਛੋਂ ਪੁਲਿਸ ਦੇ ਟਰੱਕ ਪੁਲ 'ਤੇ ਪਹੁੰਚ ਗਏ ਸਨ। ਸਾਹਮਣੇ ਆਉਣ ਵਾਲੇ ਹਰ 'ਬਦਮਾਸ਼ ਆਦਮੀ' ਤੇ 'ਸ਼ਰੀਫ਼ ਪੁਲਿਸ' ਨੂੰ ਡਾਂਗਾਂ ਵਰ੍ਹਾਉਣੀਆ ਪੈ ਰਹੀਆਂ ਸਨ। ਨੇਤਾ ਜੀ ਦਾ ਬੁੱਤ ਸਿੱਧੀ ਧੌਣ ਅਕੜਾਈ ਆਪਣੇ ਪਿੱਛੇ ਬੇਦੋਸੇ ਜੱਟਾ ਨੂੰ ਬਦੋ-ਬਦੀ ਫੜ ਕੇ ਜੀਪਾਂ ਵਿਚ ਬਿਠਾਉਂਦਿਆਂ ਵੇਖਣ ਦੀ ਕੋਈ ਕੋਸ਼ਿਸ਼ ਹੀ ਨਹੀਂ ਸੀ ਕਰ ਰਿਹਾ। ਦੋ ਮਿੰਟਾਂ ਵਿਚ ਪੁਲ ਉੱਤੇ ਕੋਈ ਆਦਮੀ ਨਹੀਂ ਸੀ ਰਹਿ ਗਿਆ। ਕੇਵਲ ਲਾਲ ਪਗੜੀਆਂ, ਖਾਕੀ ਵਰਦੀਆ ਤੇ ਸੰਮਾਂ ਵਾਲੀਆਂ ਡਾਂਗਾ ਸਨ। ਮੈਂ ਆਪਣਾ ਕੈਨ ਲੁਕਾਉਂਦਾ ਪੌੜੀਆਂ ਵਾਲੇ ਪੁਲ ਰਾਹੀਂ ਹੇਠਾਂ ਉਤਰਿਆ ਹੀ ਸਾਂ ਕਿ ਅਚਾਨਕ ਸੁਖਵੰਤ ਦੇ ਪਿੰਡ ਨੂੰ ਜਾਣ ਵਾਲੀ ਬੱਸ ਉਥੇ ਆ ਖੜੀ। ਮੈਂ ਝਟ ਉਸ ਵਿਚ ਬੈਠ ਗਿਆ।

"ਚਲੋ ਟੋਨੇ ਪੱਜ ਨਾਲ ਮਿਲਣ ਤਾਂ ਆ ਗਿਐਂ...।" ਉਹ ਹੱਸਿਆ। ਅਸੀਂ ਨਿੰਮ ਦੀ ਛਾਵੇਂ ਬੈਠ ਗਏ। ਸਿਰਹਾਣੇ ਰਖਿਆ ਟਰਾਂਸਿਸਟਰ ਲਾਹੌਰ ਤੋਂ ਬੋਲਦਾ ਹੋਇਆ ਕਿਸੇ ਇੰਜਨ ਦੀ ਮਸ਼ਹੂਰੀ ਕਰ ਰਿਹਾ ਸੀ, ਨਜ਼ਾਮਦੀਨ ਦੀ ਮੋਟੀ ਭਰਵੀਂ ਪੰਜਾਬੀ ਆਵਾਜ਼ ਵਿਚ।

ਮੈਂ ਪੱਗ ਲਾਹ ਕੇ ਮੰਜੀ ਤੇ ਧਰੀ ਅਤੇ ਸੁਖਵੰਤ ਨੂੰ ਕਿਹਾ, "ਯਾਰ! ਨਜ਼ਾਮਦੀਨ ਨੂੰ ਕਹਿ — ਮੇਰਾ ਵੀ ਇੰਜਨ ਵਿਕਵਾ ਦੇਵੇ ...।" ਥੋੜਾ ਜਿਹਾ ਹੱਸਦਿਆ ਮੈਂ ਕਮੀਜ਼ ਲਾਹੁਣ ਲੱਗਾ।

ਤੱਤੀ ਲੂਅ ਦੇ ਬੁੱਲੇ ਆ ਰਹੇ ਸਨ। ਦੋ ਪੈਲੀਆਂ ਦੀ ਵਾਟ ਤੇ ਬਾਡਰ ਤੋਂ ਮੁੜ ਕੇ ਆਈ ਗੱਡੀ ਧੁੱਪ ਵਿਚ ਧੂੰਆਂ ਘੋਲਦੀ ਦੌੜੀ ਜਾ ਰਹੀ ਸੀ। ਪਰ੍ਹਾਂ ਸੁਖਵੰਤ ਦਾ ਕਾਮਾ ਸੱਜਣ ਪਾਣੀ ਦਾ ਕਿਆਰਾ ਮੋੜ ਰਿਹਾ ਸੀ। ਤੇ ਲਾਗਲੇ ਵੱਢ ਵਿਚ ਸੱਜਣ ਦਾ ਛੋਟਾ ਭਰਾ ਪਸ਼ੂਆਂ ਤੋਂ ਬੇਪ੍ਰਵਾਹ ਸਿਰ ਉਤਲੇ ਪਾਟੇ ਪਟਕੇ ਨੂੰ ਕਦੀ ਢਾਹੁਣ ਤੇ ਕਦੀ ਬੰਨ੍ਹਣ ਵਿਚ ਮਗਨ ਸੀ।

ਸੱਜਣ ਨੂੰ ਵੇਖਦਿਆਂ ਹੀ ਮੇਰੇ ਬੁਲ੍ਹਾਂ 'ਤੇ ਮੁਸਕਾਨ ਦੌੜ ਗਈ। ਉਹ ਡਾਢਾ ਦਿਲਚਸਪ ਹੈ। ਕਈ ਵਾਰ ਸੋਚਦਾ ਹਾਂ ਉਸ ਨੂੰ ਕੀ ਆਖਾ? ਦਿਲਚਸਪ ਗੱਭਰੂ? ... ਦਿਲਚਪਸ ਆਦਮੀ? ਜਾਂ ਦਿਲਚਸਪ ਜਾਨਵਰ ...? ... ਫ਼ੈਸਲਾ ਨਹੀਂ ਹੁੰਦਾ। ਪਰ ਫਿਰ ਵੀ ਉਹ ਦਿਲਚਸਪ ਹੈ ਜ਼ਰੂਰ। ਨਾਮ ਦਾ ਸੱਜਣ ਪਰ ਸਮੇਂ ਨੇ ਸਦੀਆਂ ਤੋਂ ਉਹੋ ਜਿਹਿਆਂ ਨਾਲ ਸੱਜਣਤਾਈ ਨਹੀਂ ਪਾਲੀ। ਬੜੀਆਂ ਸਾਧਾਰਨ ਤੇ ਅਜੀਬ ਗੱਲਾਂ ਕਰੇਗਾ।

ਸੁਣਨ ਵਾਲੇ ਹੱਸਣਗੇ ... ਹੈਰਾਨ ਹੋਣਗੇ। ... ਤੇ ਹੋਰ ਗੱਲਾਂ ਕਰਨ ਨੂੰ.. ਹੋਰ ਗੱਲਾਂ ਪੁੱਛਣ ਨੂੰ ਉਹਨਾ ਦਾ ਚਿੱਤ ਕਰੇਗਾ ! ਸਿਧੇ ਸੁਭਾ ਵਾਲਾ ... ਮਲੰਗਾਂ ਵਰਗਾ ।

ਮੈਨੂੰ ਮੁਸਕ੍ਰਾਉਂਦੇ ਵੇਖ ਸੁਖਵੰਤ ਸਮਝ ਗਿਆ । ਉਸ ਗੁਫ਼ਲ-ਮੇਲੇ ਲਈ ਸੱਜਣ ਨੂੰ ਕੋਲ ਬੁਲਾ ਲਿਆ। ਆਉਂਦਿਆਂ ਉਸ ਕਹੀ ਨੂੰ ਪੀਨ ਪਰਨੇ ਧਰਤੀ ਤੇ ਮਾਰਿਆ । ਫਿਰ ਦਸਤੇ ਤੋਂ ਹਥ ਲਾਹ ਕੇ ਜਿੱਕਰੀ ਭਰਿਆ ਸਿਰ ਖੁਰਕਣ ਲੱਗਾ ।

"ਸੱਜਣਾ ! ... ... !"

"ਕੀ ਆ ਚਾਚਾ ... ।"

"ਪੁੱਤ ਹੁਣ ਵਿਆਹ ਕਰਾ ਲਾ । ਵੇਖ ਕਿੰਨਾ ਪਛੜਦਾ ਜਾਂਦਾ ਏਂ । ਸਾਲ ਪਿੱਛੋਂ ਇਕ ਨਿਆਣਾ ... !"

"ਚਾਚਾ ਮੇਰੀ ਵੀ ਇਹੋ ਮਰਜ਼ੀ । ਮਾਈਂ ਘਰ ਦੇ ਨੀਂ ਮੰਨਦੇ। ਬੁੱਢਾ ਮੇਰੇ ਹਿੱਸੇ ਦੇ ਪੈਸੇ ਲੈ ਕੇ ਆਪ ਈ ਖਾ ਖ਼ਰਚ ਲੈਂਦਾ ਤੇ ਵਿਆਹ ... ਊਂਅ ...!"

ਉਸ ਮੱਥੇ 'ਚੋਂ ਚੋਂਦਾ ਮੁੜ੍ਹਕਾ ਪੂੰਝਿਆ ਤਾਂ ਹੱਥ ਨਾਲ ਲੱਗੀ ਮਿਟੀ ਨੇ ਮੱਥੇ ਦੀਆਂ ਰੇਖਾਵਾਂ ਨੂੰ ਆਪਣੇ ਹੇਠਾਂ ਕੱਜ ਲਿਆ । ਕਾਲਾ ਆਬਨੂਸੀ ਰੰਗ, ਸੂਤਿਆ ਜਿਸਮ, ਰਗੜ ਕੇ ਮੁੰਨਿਆ ਸਿਰ। ਗੋਲ ਆਕਾਰ ਦੇ ਵੀਹ ਬਾਈ ਸਾਲਾ ਚਿਹਰੇ ਦੀਆਂ ਉਭਰੀਆਂ ਵਿਚ ਨਿੱਕੀਆਂ ਨਿੱਕੀਆਂ ਬਰੀਕ ਸੱਠ ਸਾਲਾ ਅੱਖਾਂ । ਟੁੱਟਿਆਂ ਬਟਨਾਂ ਤੇ ਅੱਧੀਆਂ ਬਾਹਵਾਂ ਵਾਲਾ ਮੈਲਾ ਕੁੜਤਾ। ਗਲ ਤੇ ਤੇੜ ਅਧੋਰਾਣਾ ਪਰਨਾ। ਉਸ ਇਕ ਵਾਰ ਜ਼ੋਰ ਦੀ ਘੁੱਟ ਕੇ ਅੱਖਾਂ ਮੀਚੀਆਂ ਜਿਵੇਂ ਅੱਖਾਂ ਵਿਚ ਵੜਦੇ ਮੁੜ੍ਹਕੇ ਨੂੰ ਵਾਪਸ ਮੋੜਨਾ ਹੋਵੇ। ਫਿਰ ਬਰੀਕ ਅੱਖਾਂ ਨਾਲ ਮੇਰੇ ਅਤੇ ਸੁਖਵੰਤ ਵਲ ਇੰਜ ਵੇਖਿਆ ਜਿਵੇਂ ਕਹਿ ਰਿਹਾ ਹੋਵੇ ਕਿ ਉਹ ਵਾਕਿਆ ਹੀ ਹੁਣ ਜੁਆਨ ਹੋ ਗਿਆ ਹੈ। ਉਸਦਾ ਵਿਆਹ ਹੋਣਾ ਹੀ ਚਾਹੀਦਾ ਹੈ ਤੇ ਉਹਦਾ ਪਿਉ ਠੇਕੇ ਉੱਤੇ ਮਿਲਦੇ ਉਹਦੇ ਪੈਸੇ ਹਰ ਸਾਲ ਕਿਉਂ ਖਾਵੇ ?

ਸੁਖਵੰਤ ਨੇ ਸ਼ਰਾਰਤੀ ਮੁਸਕ੍ਰਾਹਟ ਬੁਲ੍ਹਾਂ ਤੇ ਲਿਆਂਦੀ ਅਤੇ ਮੈਨੂੰ ਅੱਖ ਦੱਬ ਕੇ ਬੋਲਿਆ, "ਸੱਜਣਾ ! ਇਕ ਗੱਲ ਊਂ ਹੋਰ ਵੀ ਐ ... ... ।"

ਸੱਜਣ ਨੇ ਉਹਦੇ ਮੂੰਹ 'ਤੇ ਅੱਖਾਂ ਗੱਡ ਦਿਤੀਆਂ ।

"... ... ਕਈ ਵਾਰੀ ਤਾਂ ਯਾਰਾ ਸੋਚੀਦੈ ਵਿਆਹ ਵੀ ਨਿਰਾ ਪੁਆੜਾ ਐ। ਤਿੰਨ ਚਾਰ ਨਿਆਣੇ ਹੋ ਜਾਣ ... ... ਉਧਰੋਂ ਉਹ ਤੋੜ ਤੋੜ ਖਾਂਦੇ ਐ। .. ਉਧਰੋਂ ਅੰਤਾਂ ਦੀ ਮਹਿੰਗਾਈ ਖਾਂਦੀ ਏ। ਨਾ ਚੰਗਾ ਪਾਉਣ ਨੂੰ ਤੇ ਨਾ ਚੰਗਾ ਖਾਣ ਨੂੰ। ਮੈਂ ਤਾਂ ਆਹਨਾਂ ਬੰਦੇ ਦਾ ਪੁੱਤ ਹੋਏ ਤਾਂ ਵਿਆਹ ਕਰਾਏ ਈ ਨਾ । ਮੇਰਾ ਤਾਂ ਕਈ ਵਾਰ ਆਪ ਜ਼ਨਾਨੀ ਛੱਡਣ ਨੂੰ ਚਿੱਤ ਕਰਦੈ । ... ਪਰ ਆਹ ਜਿਹੜੇ ਜਵਾਕ ਜੰਮ ਧਰੇ ਸਹੁਰੀ ਦੇ ... ... ਮੈਂ ਤਾਂ ਆਹਨਾਂ ਛੱਡ 'ਣਾਂਹ ... ਤੂੰ ਕੀ ਲੈਣਾ ਵਿਆਹ 'ਚੋਂ । ... ਛੜਾ ਰਹਿ ਕੇ ਮੌਜਾਂ ਲੈ... ।"

ਸੱਜਣ ਨੂੰ ਸੁਖਵੰਤ ਦੇ ਚਿਹਰੇ ਤੇ ਕੋਈ ਸ਼ਰਾਰਤ ਨਾ ਲੱਭ ਸਕੀ। ਉਹ ਉਸ ਦੇ ਫੈਸਲੇ ਨੂੰ ਸੁਣਦਿਆਂ ਨਿਰਾਸ਼ ਜਿਹਾ ਹੋ ਗਿਆ। ਫਿਰ ਸਿਰ ਖੁਰਕਣ ਲੱਗਾ ਤੇ ਜਿਵੇਂ ਕਿਸੇ ਦੀ ਪੇਸ਼ ਨਾ ਜਾਂਦੀ ਹੋਵੇ, ਥੱਕੀ ਜਿਹੀ ਆਵਾਜ਼ ਵਿਚ ਬੋਲਿਆ, 'ਓ ਆਹਖੋਂ ਚਾਚਾ ! ... ਮੈਂ ਕਿਹੜਾ ਅੱਗੋਂ ਕਰਾਉਣ ਡਿਹਾਂ ...।" ਤੇ ਕਹੀ ਚੁੱਕ ਕੇ ਉਹ ਦਬਾ ਦਬ ਪਰ੍ਹੇ ਤੁਰ ਗਿਆ ।

ਅਸੀਂ ਹੱਸ ਪਏ । ਹੱਸਦਿਆਂ ਸੁਖਵੰਤ ਨੇ ਕਿਹਾ, "ਕੰਜਰਾ ! ਤੁਰ ਪਿਐਂ ...?... ਚੱਲ ਹਾਅ ਡੰਗਰ ਡੱਕ ਘੜੀ ਕੁ ਤੇ ਭਿੱਲੀ ਨੂੰ ਉਰੇ ਘਲਾ । ਇਹਨੂੰ ਘਰ ਘਲਾਈਏ । ਬਲਵੰਤ ਨੂੰ ਆਖੇ ਕੋਈ ਚਾਹ ਪਾਣੀ ਲੈ ਕੇ ਆਵੇ ।

## ਹੱਕ ਸ.ਸ. ਮੀਸ਼ਾ

ਖ਼ਾਨਗੀ ਮਨਸੂਬਾਬੰਦੀ ਦੀ ਮੁਹਿੰਮ ਨੂੰ
ਦੇ ਗਿਉਂ ਜੇਕਰ ਤਿਲਾਂਜਲੀ
ਹੁਣ ਤੇਰੀ ਆਪਣੀ ਹੈ ਤੇਰੀ ਜ਼ਿੰਦਗਾਨੀ
ਇਸ ਦੇ ਹਰ ਇਕ ਸੁਆਸ ਦਾ
ਜੋ ਵੀ ਚਾਹੇਂ
ਫ਼ੈਸਲਾ ਖ਼ੁਦ ਆਪ ਕਰ ਸਕਦਾ ਏਂ ਤੂੰ
ਦੇਸ ਦੇ ਜਿਹੜੇ ਵੀ ਹਿੱਸੇ ਵਿਚ
ਜਦ ਵੀ
ਜਿਸ ਤਰ੍ਹਾਂ ਵੀ ਚਾਹੇਂ ਮਰ ਸਕਦਾ ਏਂ ਤੂੰ ।
ਸਮਝ ਨਾ ਇਸ ਵਿਚ ਹੈ ਕੋਈ ਰੋ ਰਿਆਇਤ
ਰਿਸ਼ੀਆਂ ਮੁਨੀਆਂ ਦੇ ਪਵਿੱਤਰ ਦੇਸ ਦੀ
ਇਹ ਹੈ ਜਮਹੂਰੀ ਰਵਾਇਤ ।
ਜੇ ਅਮਰ ਹੋਣਾ ਹੈ ਮਰ ਕੇ ਆਸ਼ਕਾਂ ਸੰਗ
ਆਗਰੇ ਵਿਚ ਸੰਗਮਰਮਰ ਦੀ ਬਣੀ
ਸ਼ਹਿਨਸ਼ਾਹੀ ਇਸ਼ਕ ਦੀ ਹੈ ਯਾਦਗਾਰ
ਲੰਘਦੀ ਜਮਨਾ ਹੈ ਜਿਸ ਦੇ ਨਾਲ ਨਾਲ
ਕਿਸੇ ਦਿਨ ਚੜ੍ਹਕੇ ਇਹਦੀ ਦੀਵਾਰ ਤੇ
ਮਾਰ ਦੇ ਲਹਿਰਾਂ 'ਚ ਛਾਲ ।
ਜੇ ਤੇਰਾ ਉੱਚਾ ਖ਼ਿਆਲ
ਪਹੁੰਚ ਦਿੱਲੀ ਦੇ ਕੁਤਬ ਮੀਨਾਰ ਤੇ ।
ਠੀਕ ਹੈ ਚਲ ਨਾ ਸਹੀ
ਜੇ ਮਨਾਹੀ ਪਹਿਲੀ ਮੰਜ਼ਲ ਤੋਂ ਉਤਾਹਾਂ ਜਾਣ ਦੀ
ਗੱਲ ਨਹੀਂ ਘਬਰਾਣ ਦੀ
ਕੁੰਭ ਦੇ ਮੇਲੇ ਦੀ ਭਗਦੜ ਵਿਚ ਜਾ
ਡੁੱਬ ਜਾ, ਜਾਂ —
ਭਾਖੜੇ ਤੋਂ ਨਿਕਲਦੀ ਜਿਹੜੀ ਵੀ ਚਾਹੇਂ ਨਹਿਰ ਵਿਚ
ਪਰ ਜੇ ਮਰਨਾ ਲੋੜਦਾ ਬੰਦੂਕ ਦੀ ਗੋਲੀ ਦੇ ਨਾਲ
ਮੌਕਿਆਂ ਦਾ ਕਦ ਹੈ ਕਾਲ
ਚਲਾ ਜਾ ਭਾਵੇਂ ਕਿਸੇ ਵੀ ਸ਼ਹਿਰ ਵਿਚ
ਜਿੱਥੇ ਅਜ ਕਲ੍ਹ ਆਮ
ਭੁੱਖੇ ਲੋਕ ਲੁਟਦੇ ਨੇ ਗੁਦਾਮ
ਥਾਂ ਕੁਥਾਂ ਜੇਕਰ ਭਟਕਣਾ ਠੀਕ ਨਹੀਂ
ਤੇ ਭੁੱਖਿਆਂ ਦੇ ਵਿਚ ਰਲਣਾ ਠੀਕ ਨਹੀਂ
ਖਾਣ ਵਾਲੀ ਕਿਸੇ ਵੀ ਸ਼ੈ ਵਿਚ
ਮਿਲਾਵਟ ਵਾਂਗ
ਤੇਰੇ ਘਰ 'ਚ ਆ ਸਕਦੀ ਹੈ ਮੌਤ
ਬਹੁਤ ਨੇ ਸੰਭਾਵਨਾਵਾਂ
ਚੋਣ ਤੇਰੀ ਆਪਣੀ ਹੈ
ਜਿਸ ਤਰੀਕੇ ਤੇ ਵੀ ਚਾਹੇਂ
ਹੱਥ ਧਰ ਸਕਦਾ ਏਂ ਤੂੰ
ਦੇਸ ਦੇ ਜਿਹੜੇ ਵੀ ਹਿੱਸੇ ਵਿਚ
ਜਦ ਵੀ
ਜਿਸ ਤਰ੍ਹਾਂ ਵੀ ਚਾਹੇਂ ਤੂੰ ਮਰ ਸਕਦਾ ਏਂ

ਉਹਦਾ ਕਾਮਰੇਡ ਯਾਰ ਆਇਐ ... ।" ਤੇ ਉਹ ਮੇਰੇ ਵਲ ਵੇਖ ਕੇ ਮੁਸਕ੍ਰਾ ਪਿਆ। ਮੈਂ ਉਸ ਦਾ ਭਾਵ ਸਮਝਦਾ ਸਾਂ।

ਬਲਵੰਤ ਉਸ ਦਾ ਛੋਟਾ ਭਰਾ ਸੀ ਜੋ ਕਾਲਜ ਵਿਚੋਂ ਪੜ੍ਹ ਕੇ ਹਟਿਆ ਸੀ। ਵਧੀਆ ਐਥਲੀਟ ਹੋਣ ਦੇ ਨਾਲ ਨਾਲ ਰਾਜਨੀਤਕ ਸੂਝ ਵੀ ਰੱਖਦਾ ਸੀ। ਉਸ ਅਨੁਸਾਰ ਉਹ ਪਿਛਲੇ ਤਿੰਨਾਂ ਚਹੁੰ ਸਾਲਾਂ ਵਿਚ ਭਾਰਤੀ ਕਮਿਊਨਿਸਟ ਲਹਿਰ ਦਾ ਸਭ ਪਾਸਿਉਂ ਪੱਥਰ ਚੱਟ ਮੁੜਿਆ ਸੀ ਤੇ ਹੁਣ ਉਹ ਕਹਿੰਦਾ ਹੈ ਕਿ ਅਸੀਂ ਸਾਰੇ ਕਾਮਰੇਡ ਕਿਸਮ ਦੇ ਆਦਮੀ ਹਾਂ — ਕਾਮਰੇਡ ਨਹੀਂ। ਜਿਵੇਂ ਪੰਜਵੀਂ ਵਿਚ ਪੜ੍ਹਦੇ ਬੱਚੇ ਯਾਦ ਕਰਨ, ਨਾਉਂ ਦੀਆਂ ਕਿੰਨੀਆ ਕਿਸਮਾਂ ਹੁੰਦੀਆਂ ਹਨ ? ਬਸ ਕੁਝ ਇੰਜ ਹੀ ... ਕਾਮਰੇਡ ਕਿੰਨੀ ਕਿਸਮ ਦੇ ਹੁੰਦੇ ਹਨ ? ... ਸੱਜਾ ... ਖੱਬਾ ... ਨਕਸਲਬਾੜੀਆ ... ਜਾਂ ਰੂਸ ਪੱਖੀ ? .. ਚੀਨ ਪੱਖੀ ? ... ਉਹ ਹੱਸਦਾ ... ਤੇ ਲੋਕ-ਪੱਖੀ ਕਿਉਂ ਨਹੀਂ ? ... ਪਰ ਮਜ਼ੇ ਦੀ ਗੱਲ ਤਾਂ ਇਹ ਸੀ ਕਿ ਅਸੀਂ ਸਾਰੇ ਆਪਣੇ ਆਪ ਨੂੰ ਸਹੀ ਕਮਿਊਨਿਸਟ ਸਮਝਦੇ ਸਾਂ ਤੇ ਘੜਿਆਂ-ਬੱਧੀ ਆਪਣੇ ਹੱਕ ਵਿਚ ਦਲੀਲਾਂ ਦੇ ਸਕਦੇ ਸਾਂ। ... ਜਿਵੇਂ ਮੇਲਿਆਂ ਵਿਚ ਵਿਕਦੀ ਵਾਰਸ ਸ਼ਾਹ ਦੀ ਹੀਰ ਉਤੇ ਲਿਖਿਆ ਹੁੰਦਾ ਸੀ, "ਸਭ ਤੋਂ ਅਸਲੀ ਤੇ ਵੱਡੀ ਹੀਰ — ਤਸਵੀਰਾਂ ਸਮੇਤ"... ਇੰਜ ਹੀ ਅਸੀਂ ਸਾਰੇ ਆਪੋ ਆਪਣੀ ਪਾਰਟੀ ਬਾਰੇ ਸੋਚਦੇ ਤੇ ਕਹਿੰਦੇ ਸਾਂ ... ਸਭ ਤੋਂ ਅਸਲੀ ਤੇ ਵੱਡੀ ... ।

"ਇਹ ਵੀ ਸੱਜਣ ਅਕ੍ਹੂ ਲੱਠਾ ਈ ਨਿਕਲੂ ... ।" ਸੱਜਣ ਦਾ ਛੋਟਾ ਭਰਾ ਭਿੱਲੀ ਖੜਾ ਸੀ। ਬਾਰਾਂ ਚੌਦਾਂ ਸਾਲਾਂ ਦਾ ਸੁੱਕਾ ਜਿਹਾ ਮਾੜਚੂ ਸਰੀਰ। ਖੁੱਜਾਂ ਘੱਟੇ ਨਾਲ ਭਰੀਆਂ 'ਤੇ ਹੱਥ ਵਿਚ ਪਾਟੀ ਬੈਂਤ ਦਾ ਸੋਟਾ।

ਸੁਖਵੰਤ ਮੁਸਕ੍ਰਾ ਰਿਹਾ ਸੀ। ਫਿਰ ਉਸ ਨੇ ਅੱਗੇ ਇਹਨਾਂ ਦਿਨਾਂ ਵਿਚ ਅੱਗੇ ਕਈ ਵਾਰ ਭਿੱਲੀ ਨਾਲ ਕੀਤੀ ਗੱਲ ਸਿਰਫ਼ ਸੁਆਦ ਲੈਣ ਲਈ ਦੁਹਰਾਈ, "ਭਿੱਲੀ ! ... ਭਿੱਲੀ ! ... ਐਤਕੀਂ ਸੁਣਿਐਂ ਤੇਰੇ ਪਿਉ ਨੇ ਜਿਹੜੀ ਬਿਸ਼ਨੇ ਕਿਆਂ ਤੋਂ ਕਿੱਲਾ ਪੈਲੀ ਆਪ ਲੈ ਕੇ ਵਾਹੀ ਸੀ। ਉਸ ਵਿਚੋਂ ਬੜੇ ਦਾਣੇ ਹੋਏ ਨੇ ?"

ਭਿੱਲੀ ਪਹਿਲਾਂ ਤਾਂ ਜਿਵੇਂ ਮਾੜਾ ਜਿਹਾ ਸੰਗਿਆ। ਉਸ ਪਾਸੇ ਮੂੰਹ ਕੀਤਾ ਤੇ ਡੰਡੇ ਨਾਲ ਖੁੱਚ ਖੁਰਕਣ ਲੱਗ ਪਿਆ।

"ਦਸ ਪੁੱਤ !" ... ਸੰਗਦਾ ਕਿਉਂ ਏਂ ?"

"ਬੜੇ ਨਿਕਲੇ ... ।"

"ਤਾਂ ਵੀ ਕਿੰਨੇ ਕੁ ?" ... ਪੰਜ ਕੁ ਸੌ ਭਰੀ ਨਿਕਲ ਆਈ ਹੋਊ ਕਿੱਲੇ 'ਚੋਂ ... ?

"ਆਹਖੋ ।"

"ਦਾਣੇ ਤਾਂ ਫਿਰ ਆ ਗਏ ਹੋਣਗੇ ਤਿੰਨ ਚਾਰ ਸੌ ਮਣ ... ?"

"ਤਿੰਨ ਸੌ ਮਣ ਹੋਏ ... ।"

ਅਸੀਂ ਉਸ ਦੇ ਸਿੱਧੜ-ਪੁਣੇ ਤੇ ਹੱਸ ਪਏ। ਅਚਾਨਕ ਮੈਂ ਪੁੱਛ ਲਿਆ, ਉਏ ਏਨੇ ਦਾਣੇ ਸਾਂਭੇ ਕਿਥੇ ਜੇ ?"

"ਲੈ ... ਗਏ ਕਿ ... !" ਜੁਆਬ ਜਿਵੇਂ ਪਹਿਲਾਂ ਹੀ ਉਸ ਦੇ ਹੋਠਾਂ ਉੱਤੇ ਸੀ।

"ਕੌਣ ?"

"... ਜਿਨ੍ਹਾਂ ਦੇ ਦੇਣੇ ਸਨ ... ।"

ਹੱਸਦਾ ਹੱਸਦਾ ਮੈਂ ਚੁੱਪ ਕਰ ਗਿਆ। ਛੁਰੀ ਜਿਵੇਂ ਮੇਰਾ ਅੰਦਰ ਬਾਹਰ ਚੀਰ ਗਈ ਹੋਵੇ। ਉਹਦੇ ਸਿਧੜ-ਪੁਣੇ 'ਚ ਆਏ ਦਾਣਿਆਂ ਬਾਰੇ ਕਿੰਨਾ

## ਕਣਕ

ਕਮਜੀਤ

ਕਣਕਾਂ ਵਿੱਚੋਂ ਖਿੜਦੇ ਰੰਗ ਸੁਲੱਖਣੇ
ਕਣਕਾਂ ਦਾ ਹੈ ਰੰਗ, ਰੰਗ ਇਤਿਹਾਸ ਦਾ
ਕਣਕਾਂ ਨੇ ਹੈ ਰਚਿਆ ਗੀਤ ਮਨੁੱਖ ਦਾ
ਕਣਕ ਮਨੁੱਖ ਦਾ ਨਾਤਾ ਹੈ ਲਹੂ-ਮਾਸ ਦਾ

ਕਣਕਾਂ ਦੀ ਕੁੱਖ ਵਿੱਚੋਂ ਮਾਨਵ ਜਨਮਦਾ
ਕਣਕਾਂ ਦੀ ਹਿੱਕ ਚੁੰਘ ਚੁੰਘ ਜੋਬਨ ਮੌਲਦਾ
ਸੱਤੇ ਰੰਗ ਇਕੇਰਾਂ ਉੱਗਦੇ ਕਣਕ 'ਚੋਂ
ਰੱਬ ਕਣਕ ਦੇ ਦਾਣੇ ਵਿੱਚੋਂ ਬੋਲਦਾ

ਕਣਕ ਪਹਿਨ ਕੇ ਚੇਤਰ ਹੈ ਜਦ ਨੱਚਦਾ
ਭੋਂ ਦੀ ਹਿੱਕ 'ਚੋਂ ਉਛਲੇ ਦੁੱਧ ਪਿਆਰ ਦਾ
ਕਣਕ ਪਹਿਨ ਕੇ ਜਦੋਂ ਵਿਸਾਖੀ ਗਾਉਂਦੀ
ਭੋਂ ਦੀ ਹਿੱਕ ਤੇ ਸੋਨਾ ਅੱਡੀਆਂ ਮਾਰਦਾ

ਜਦੋਂ ਪਿੜਾਂ ਵਿਚ ਕਣਕ ਸੁਣੱਖੀ ਉਤਰਦੀ
ਸੋਨੇ ਦੇ ਵਣਜਾਰੇ ਬੋਲੀ ਬੋਲਦੇ
ਹੁਸਨ ਕੁਆਰੀ ਕਣਕ ਦਾ ਤੱਕ ਤੱਕ ਬਾਣੀਏਂ
ਹਿੱਕਾਂ ਦੇ ਵਿਚ ਵਿੱਸ ਹਵਸ ਦੀ ਘੋਲਦੇ

ਮੋਟੇ ਢਿੱਡ ਭੜੋਲੀਂ ਪਾਉਂਦੇ ਕਣਕ ਨੂੰ
ਬੀਜਣ ਵੱਢਣ ਹਾਰੇ ਸਿੱਟੇ ਚੁੱਗਦੇ
ਕਣਕ ਜਦੋਂ ਨਾ ਲੱਭੇ ਲਹੂ ਦੇ ਮੁੱਲ ਤੋਂ
ਢਿੱਡਾਂ ਦੇ ਵਿਚ ਭੁੱਖ ਦੇ ਦਾਣੇ ਉੱਗਦੇ

ਭੁੱਖ ਦੇ ਦਾਣੇ ਜਦੋਂ ਸਿਆਣੇ ਹੋਂਵਦੇ
ਭੁੱਖੀ ਟਹਿਣੀ ਬੂਰ ਸੋਚ ਦਾ ਲੱਗਦਾ
ਜਦੋਂ ਟਹਿਣੀਏਂ ਸੋਚਾਂ ਦਾ ਫਲ ਪੱਕਦਾ
ਕ੍ਰਾਂਤੀ ਦਾ ਚੌਮੁਖੀਆ ਦੀਵਾ ਜੱਗਦਾ।

ਝੂਠ ਸੀ ਤੇ ਗਏ ਦਾਣਿਆਂ ਬਾਰੇ ਕਿੰਨਾ ਸੱਚ ! ...

ਭਿੱਲੀ ਪਿੰਡ ਨੂੰ ਤੁਰ ਗਿਆ ਸੀ। ਮੈਂ ਟਰਾਂਜਿਸਟਰ ਉੱਚਾ ਕਰ ਕੇ ਅੰਦਰਲੇ ਸ਼ੋਰ ਤੋਂ ਬਚਣਾ ਚਾਹੁੰਦਾ ਸਾਂ । ਮੇਰੇ ਸਾਹਮਣੇ ਘੱਟੇ-ਭਰੇ ਸੁੱਕੇ ਸਰੀਰ ... ਜਿਵੇਂ ਕਬਰਾਂ 'ਚੋਂ ਮੁਰਦੇ ਉੱਠ ਕੇ ਆ ਗਏ ਹੋਣ । ... ਰੌਲਾ ਪਾ ਰਹੇ ਸਨ ... ਚੀਕ ਰਹੇ ਸਨ ... ਸੜਕਾਂ ਬਾਜ਼ਾਰ ਭਰੇ ਹੋਏ ... ਜਿਵੇਂ ਕਹਿ ਰਹੇ ਸਨ ... ਦਾਣੇ ਕੌਣ ਲੈ ਗਏ ? ... ਦਾਣੇ ਕਿਉਂ ਲੈ ਗਏ ? ... ਲਹੂ ਚੋਂਦੀਆਂ ਅੱਖਾਂ ਤੇ ਗੁਸੈਲ ਮੂੰਹ ... ਜਿਵੇਂ ਕਿਸੇ ਨੂੰ ਕੱਚਿਆਂ ਖਾ ਜਾਣਾ ਹੋਵੇ... ਤੇ ਫਿਰ ਕਦੀ ਦੂਜੇ ਹੀ ਪਲ ਪੱਥਰ ਵਾਂਗ ਬੇਹਰਕਤ ਸਿਰ ਸੁੱਟੀ ਖੜੋਤੇ ... ਮੋਮ ਵਾਂਗ ਸੜਕਾਂ ਤੇ ਪਿਘਲਦੇ ... ।

ਮੈਨੂੰ ਚੁੱਪ ਵੇਖ ਕੇ ਸੁਖਵੰਤ ਹੱਸਿਆ । ਉਸ ਅਨੁਸਾਰ ਇਹ ਚੰਗੇ ਭਲੇ, ਖ਼ਾਸ ਤੌਰ ਤੇ ਸੱਜਣ — ਅਜਿਹੀਆਂ ਦਿਲਚਸਪ ਗੱਲਾਂ ਆਮ ਹੀ ਕਰਦੇ ਰਹਿੰਦੇ ਸਨ ਤੇ ਉਹ ਫਿਰ ਸੱਜਣ ਬਾਰੇ ਦੱਸਣ ਲੱਗਾ ।

ਅੱਗੇ ਹਰ ਸਾਲ ਸੱਜਣ ਦੇ ਠੇਕੇ ਤੇ ਮਿਲਦੇ ਪੈਸੇ ਉਸ ਦਾ ਪਿਉ ਹੀ ਲੈ ਲੈਂਦਾ ਸੀ। ਪਰ ਐਤਕੀਂ ਜ਼ਿਦ ਕਰਨ ਕਰ ਕੇ ਵਿਚੋਂ ਸੌ ਰੁਪੈਆ ਸੱਜਣ ਨੂੰ ਵੀ ਮਿਲ ਗਿਆ ਸੀ। ਪਿਛਲੇ ਦਿਨੀਂ ਉਹ ਸੁਖਵੰਤ ਨਾਲ ਪਹਿਲੀ ਵਾਰ ਕਿਸੇ ਕੰਮ ਸ਼ਹਿਰ ਗਿਆ ਤਾਂ ਉਹਦੀ ਜੇਬ ਵਿਚ ਸੌ ਰੁਪੈਆ ਸੀ । ਉਹ ਸਾਮਾਨ ਨਾਲ ਭਰੀਆਂ ਵੱਖ ਵੱਖ ਦੁਕਾਨਾਂ ਵੇਖ ਵੇਖ ਹੈਰਾਨ ਹੋ ਰਿਹਾ ਸੀ ਕਿ ਸੁਖਵੰਤ ਨੇ ਕਿਹਾ, "ਓ ਕੰਜਰਦਿਆ ! ... ਮੂੰਹ ਚੁੱਕ ਚੁੱਕ ਉਠ ਅੱਗੇ ਕਿਧਰ ਵਿਹਨਾਂ ? ਕਿਤੇ ਥਕੇ ਆਉਣਾ ਈ ?" ਸੱਜਣ ਉਤਸੁਕ ਨਿਗਾਹਾਂ ਨਾਲ ਦੁਕਾਨਾਂ ਵਲ ਵੇਖਦਾ ਹੋਇਆ ਅਚਾਨਕ ਬੋਲ ਉੱਠਿਆ, "ਚਾਚਾ ! ਇਸ ਦੁਕਾਨ 'ਚ ਘਟੋ ਘਟ ਸੌ ਰੁਪੈ ਦਾ ਸਮਾਨ ਤਾਂ ਹੋਊ ... ?" ਤੇ ਉਹ ਜੇਬ ਵਿਚ ਪਏ ਸੌ ਰੁਪਏ ਦੇ ਨੋਟ ਨੂੰ ਪਲੋਸਣ ਲੱਗਾ ।

ਉਹਦੀ ਗੱਲ ਸੁਣ ਕੇ ਮੈਂ ਮੁਸਕ੍ਰਾਉਣੋਂ ਨਾ ਰਹਿ ਸਕਿਆ । ਅਸੀਂ ਸਲਾਹ ਕੀਤੀ ਕਿ ਬਲਵੰਤ ਦੇ ਚਾਹ ਅਤੇ ਰੋਟੀ ਲਿਆਉਣ ਸਮੇਂ ਜ਼ਰੂਰ ਘੜੀ ਕੁ ਸੱਜਣ ਨੂੰ ਛਾਵੇਂ ਬਿਠਾ ਕੇ ਉਸ ਨਾਲ ਗੱਲਾਂ ਕਰਾਂਗੇ ।

ਗਰਮੀ ਬਹੁਤ ਸੀ। ਮੈਂ ਬੰਬੀ ਦੇ ਚੁਬੱਚੇ 'ਚ ਵੜ ਗਿਆ । ਨਹਾ ਕੇ ਜਦੋਂ ਮੈਂ ਨਿੰਮ ਹੇਠਾਂ ਆ ਕੇ ਬੈਠਾ ਤਾਂ ਲਾਹੌਰ ਤੋਂ ਰੇਸ਼ਮਾਂ ਦੀ ਆਵਾਜ਼ ਵਿਚ ਵਾਰਸ ਸ਼ਾਹ ਦੀ ਹੀਰ ਦੇ ਬੋਲ ਮੇਰੇ ਅੰਦਰ ਨੂੰ ਛੂਣ ਗਏ ।

" ....ਕਮਾਲ ਉਏ ਵਾਰਸਾ ! ... ਸਦਕੇ ਨੀ ਰੇਸ਼ਮਾਂ ... !" ਮੈਂ ਸਿਰ ਹਿਲਾ ਰਿਹਾ ਸਾਂ ਤੇ ਸੋਚ ਰਿਹਾ ਸਾਂ ਪੰਜਾਬ ਤੇ ਪੰਜਾਬੀਅਤ ਬਾਰੇ । ਪੰਜਾਬ ਦੇ ਟੋਟੇ ਕੀਤੇ ਜਾ ਸਕਦੇ ਹਨ – ਪੰਜਾਬੀ ਦੇ ਨਹੀਂ । ਬਾਡਰ ਚਲਦੀ ਗੱਡੀ ਨੂੰ ਅੱਗੇ ਜਾਣੋਂ ਰੋਕ ਸਕਦਾ ਹੈ — ਪਰ ਹੀਰ ਦੇ ਨਸ਼ਿਆਏ ਬੋਲਾਂ ਨਾਲ ਗੜੁੱਚ ਹਵਾ ਨੂੰ ਨਹੀਂ ... । ਰੇਸ਼ਮਾਂ ਦੀ ਆਵਾਜ਼ ਤੇ ਮੇਰਾ ਝੂਮ ਰਿਹਾ ਸਿਰ ਸਰਹੱਦਾਂ ਉੱਤੇ ਤਣੀਆਂ ਸੰਗੀਨਾਂ ਨੂੰ ਸ਼ਰਮਿੰਦਾ ਕਰ ਰਹੇ ਸਨ ।

"ਨਜ਼ਾਮਦੀਨ ਨੂੰ ਸੁਣਦਾ ਹੁੰਦੈਂ" ? ਜਮਹੂਰ ਦੀ ਆਵਾਜ਼ ਪ੍ਰੋਗਰਾਮ 'ਚ...?" ਮੈਂ ਅਚਾਨਕ ਸੁਖਵੰਤ ਨੂੰ ਸਵਾਲ ਕਰ ਦਿੱਤਾ ।

"ਬਹੁਤ ਬਕਵਾਸ ਕਰਦਾ ਹੁੰਦੈ .... ਭਾਰਤ ਦੇ ਖ਼ਿਲਾਫ਼ ... ਖ਼ਾਸ ਤੌਰ ਤੇ ਲੜਾਈ ਦੇ ਦਿਨੀਂ ।" ਸੁਖਵੰਤ ਦੇ ਬੋਲ ਸਨ ।

"... ਚ ... ਚ ... ਚ ਨਹੀਂ ਉਏ ਰੀਸਾਂ ਉਸ ਬੰਦੇ ਦੀ ਪੰਜਾਬੀ ਬੋਲਣ ਦੀਆਂ ... ਉਹਦੀ ਆਵਾਜ਼ 'ਚ ਬਕਵਾਸ ਸੁਣਿਆ ਵੀ ਮਜ਼ਾ ਆਉਂਦੈ ..."

## ਦੇਸ਼ ਆਪਣਾ ਹੈ-ਰੋਟੀ ਨਹੀਂ ਆਪਣੀ

ਮੋਹਨਜੀਤ

**ਦੇਸ਼ ਆਪਣਾ ਹੈ**
**ਲਹੂ ਆਪਣਾ ਹੈ**
**ਦੇਸ਼ ਲਹੂ ਦੇ ਵਾਸਤੇ ਨਹੀਂ**
**ਲਹੂ ਹੈ ਦੇਸ਼ ਦੇ ਲਈ**

**ਕਵੀ ਕਾਮਾ ਹੈ :**
**ਬੁੱਤ-ਤਰਾਸ਼, ਚਿਤਰਕਾਰ, ਕਪੜਾ-ਬੁਣਕਾਰ ਵਾਂਗ**
**ਕਵਿਤਾ 'ਚ ਲਹੂ ਹੈ**
**ਬੁੱਤ 'ਚ, ਤਸਵੀਰ 'ਚ, ਕਪੜੇ 'ਚ ਲਹੂ ਹੈ**
**ਲਹੂ ਹੈ ਦੇਸ਼ ਦੇ ਲਈ**
**ਦੇਸ਼ ਆਪਣਾ ਹੈ**
**ਭੁੱਖ ਆਪਣੀ ਹੈ**
**ਦੁੱਖ ਆਪਣਾ ਹੈ**
**ਪਰ ਨਹੀਂ**
**ਰੋਟੀ ਨਹੀਂ ਆਪਣੀ**
**ਨਾ ਸੁਖ ਆਪਣਾ ਹੈ**

**ਕਵੀ ਦਾ ਸੁਖ**
**ਬੁੱਤ-ਤਰਾਸ਼, ਚਿਤਰਕਾਰ,**
**ਕਪੜਾ-ਬੁਣਕਾਰ ਦਾ ਸੁਖ**
**ਸੁਖ ਆਪਣਾ ਨਹੀਂ**

**ਲਹੂ ਹੈ ਦੇਸ਼ ਦੇ ਲਈ**
**ਦੇਸ਼ ਆਪਣਾ ਹੈ**

"ਤੂੰ ਜਜ਼ਬਾਤੀ ਮੂਰਖ ਏਂ ... ਦੁਸ਼ਮਣ ਦਾ ਪ੍ਰਾਪੇਗੰਡਾ ਤੇ ਤੈਨੂੰ ਚੰਗਾ ਲੱਗਦਾ ... ?"

ਕੌਣ ਸਾਲਾ ਦੋਸਤ ਤੇ ਕੌਣ ਦੁਸ਼ਮਣ ... ? ਤੈਨੂੰ ਕੀ ਪਤਾ .. ਇਸ ਮਜ਼ਾ ਈ ਖਰਾਬ ਕਰ 'ਤਾ ... ।" ਮੇਰਾ ਮੱਥਾ ਤਿਊੜੀਆਂ ਨਾਲ ਭਰ ਗਿਆ।

"ਆਹੋ ! ਤੇਰਾ ਤਾ ਉਹ ਦੋਸਤ ਈ ਹੋਊ। ਚੀਨ ਨਾਲ ਜੂ ਯਾਰੀ ਹੋਈ ਉਸ ਦੀ।" ਉਹ ਮਿਹਣਿਆਂ ਤੇ ਉੱਤਰ ਆਇਆ ਸੀ।

"ਚੀਨ ਵਲ ਬੜਾ ਭੱਜ ਭੱਜ ਪੈਂਦੇ ਜੇ ... ਆਪਣੇ ਮਾਮੇ ਰੂਸ ਬਾਰੇ ਤੇਰਾ ਕੀ ਖ਼ਿਆਲ ਐ ?" ਤੇ ਗੱਲ ਸਿਧਾਂਤਕ ਲੀਹ ਤੇ ਹੋ ਤੁਰੀ। ਉਹ ਆਪਣਾ ਸਾਰਾ ਤਾਣ ਲਾ ਕੇ ਚੀਨ ਨੂੰ ਝੂਠਿਆਂ ਕਰ ਰਿਹਾ ਸੀ। ਬੰਗਲਾ ਦੇਸ਼ ਦੀ ਆਜ਼ਾਦੀ ਨੂੰ ਕੌਮੀ ਆਜ਼ਾਦੀ ਦਾ ਘੋਲ ... ਚੀਨ ਨੂੰ ਪਾਕਿਸਤਾਨ ਦੀ ਮਦਦ ਕਰਨ ਕਰ ਕੇ ਬੰਗਲਾ ਦੇਸ਼ ਵਿਚ ਹੋਏ ਕਤਲਾਮ ਦਾ ਜ਼ਿੰਮੇਂਵਾਰ ਕਹਿ ਰਿਹਾ ਸੀ। .. ਤੇ ਮੈਂ ਰੂਸ ਨੂੰ ਸਮਾਜਕ ਸਾਮਰਾਜ ਸਾਬਤ ਕਰਨ ਲਈ ਸਿਰਤੋੜ ਜ਼ੋਰ ਲਾ ਰਿਹਾ ਸਾਂ। ਬੰਗਲਾ ਦੇਸ਼ ਨੂੰ ਲੁੱਟ ਦੀ ਨਵੀਂ ਮੰਡੀ ... ਜੰਗੀ ਕੈਦੀਆਂ ਨੂੰ ਨਾ ਛੱਡਣ ਦੀ ਭਾਰਤ ਦੀ ਜ਼ਿੱਦ ਤੇ ਰੂਸ ਦਾ ਭਾਰਤ ਦੀ ਪਿੱਠ ਠੋਕਣਾ ...।

ਏਨੇ ਵਿਚ ਬਲਵੰਤ ਚਾਹ ਤੇ ਰੋਟੀ ਲੈ ਆਇਆ ਸੀ। ਸਾਡੇ ਸਿੰਙ ਫਸੇ ਵੇਖ ਕੇ ਉਹ ਮੁਸਕ੍ਰਾ ਰਿਹਾ ਸੀ। ਸੱਜਣ ਨੂੰ ਰੋਟੀ ਲਈ ਆਵਾਜ਼ ਦੇ ਕੇ ਉਹਨੇ ਸਾਨੂੰ ਗਲਾਸਾਂ ਵਿਚ ਚਾਹ ਪਾ ਕੇ ਦਿੱਤੀ। ਅਸੀਂ ਦੋਵੇਂ ਚਾਹ ਪੀ ਰਹੇ ਸਾਂ ਤੇ ਨਾਲ ਦੇ ਨਾਲ ਰੂਸ ਤੇ ਚੀਨ ਨੂੰ ਆਪੋ ਆਪਣੀ ਥਾਂ ਤੇ ਠੀਕ ਸਾਬਤ ਕਰਨ ਲਈ ਜ਼ੋਰ ਲਾ ਰਹੇ ਸਾਂ।

ਬਲਵੰਤ ਹੱਸਿਆ, ਭਾ ਜੀ ! ਮੈਂ ਹਾਪ ਸਟੈਮ ਐਂਡ ਜੰਪ ਲਾਉਂਦਾ ਹਾਂ। ਇਹ ਜੰਪ ਲਾਉਣ ਲੱਗਿਆਂ ਲਕੀਰ ਤੋਂ ਪੈਰ ਉਠਾ ਕੇ ਉਹੋ ਪੈਰ ਫਿਰ ਅੱਗੇ ਜ਼ਮੀਨ ਤੇ ਸੁੱਟੀਦਾ ਏ ਫਿਰ ਦੂਜਾ ਪੈਰ ਥੋੜਾ ਕੁ ਧਰਤੀ ਤੇ ਛੁਹਾ ਕੇ ਅਖਾੜੇ 'ਚ ਛਾਲ ਮਾਰ ਦਈਦੀ ਏ ... ।"

ਅਸੀਂ ਉਸ ਦਾ ਮਤਲਬ ਨਹੀਂ ਸਾਂ ਸਮਝੇ। ਸਾਡੇ ਚਿਹਰਿਆਂ ਤੇ ਹੈਰਾਨੀ ਦਾ ਪ੍ਰਭਾਵ ਤੱਕਦਿਆਂ ਉਹ ਬੋਲਿਆ, "ਸੋ ਹਾਲ ਸਾਡੇ ਭਾਰਤੀ ਕਾਮਰੇਡਾਂ ਦਾ ਏ ...। ਇਹਨਾਂ ਦਾ ਵੀ ਇਕ ਪੈਰ ਚੀਨ ਤੇ ਇਕ ਰੂਸ 'ਚ ਅਤੇ ਉਸ ਛਾਲ ਆਂਗੂ ਥੋੜ੍ਹਾ ਜਿਹਾ ਪੈਰ ਹੀ ਭਾਰਤ 'ਚ ਲਾਉਂਦੇ ਨੇ ... ਖਬਰੇ ਕੰਡੇ ਚੁਭਦੇ ਹੋਣ ... ।"

ਸਾਡੀ ਬਹਿਸ ਕੁਝ ਜ਼ਿਆਦਾ ਵਿਸਥਾਰ ਫੜ ਗਈ ਸੀ। ਅਸੀਂ ਉਸਦੇ ਵਿਅੰਗ ਉੱਤੇ ਸਿਰਫ ਮੁਸਕ੍ਰਾਏ ਹੀ ਅਤੇ ਫਿਰ ਬਹਿਸ ਵਿਚ ਰੁੱਝ ਗਏ। ਉਹ ਸੱਜਣ ਨੂੰ ਰੋਟੀ ਫੜਾ ਕੇ ਉਹਦੀ ਬਾਟੀ 'ਚ ਚਾਹ ਉਲੱਦਣ ਲੱਗਾ। ਸਾਨੂੰ ਸੱਜਣ ਨਾਲ ਗੱਲਾਂ ਕਰਨ ਦਾ ਚੇਤਾ ਹੀ ਭੁੱਲ ਗਿਆ ਸੀ।

ਗੱਲ ਸੰਸਾਰ ਇਨਕਲਾਬ ਪ੍ਰਤੀ ਰੂਸ ਅਤੇ ਚੀਨ ਦੇ ਦ੍ਰਿਸ਼ਟੀਕੋਣ ਤੇ ਚਲ ਰਹੀ ਸੀ। ਸੁਖਵੰਤ ਬ੍ਰਿਜਨੇਵ ਦੇ ਅਮਰੀਕਾ ਵਿਚ ਜਾ ਕੇ ਨਿਕਸਨ ਨਾਲ ਕੀਤੇ ਸਮਝੌਤੇ ਨੂੰ ਅਮਨ-ਪਸੰਦ ਤਾਕਤਾਂ ਦੀ ਜਿੱਤ ਕਹਿ ਰਿਹਾ ਸੀ ਤੇ ਮੈਂ ਪੁੱਛ ਰਿਹਾ ਸਾਂ ਕਿ ਚੀਨ ਵਿਚ ਨਿਕਸਨ ਦਾ ਜਾਣਾ ਫਿਰ ਦੋ ਜੰਗ-ਬਾਜ਼ਾਂ ਦੀ ਮਿਲਣੀ ਕਿਵੇਂ ਸੀ ?'

ਅਸੀਂ ਹਫੇ ਹੋਏ ਮੂੰਹਾਂ ਵਿਚੋਂ ਝਗ ਸੁੱਟ ਰਹੇ ਸਾਂ ਕਿ ਅਚਾਨਕ ਬਲਵੰਤ ਸੱਜਣ ਦੀ ਕਿਸੇ ਗੱਲ ਤੋਂ ਖਿੜ ਖਿੜਾ ਕੇ ਹੱਸ ਪਿਆ, "ਭਾ ਜੀ ! ... ਆਪਣੀ ਬਹਿਸ ਛੱਡ ਕੇ ਜ਼ਰਾ ਔਹ ਵੇਖੋ ਸੱਜਣ ਦਾ ਤਾਇਆ ਜਾਂਦਾ। ਉਹਦੀ ਪੱਗ ਦਾ ਰੰਗ ਵੇਖੋ ਰਤਾ ... ।"

(ਬਾਕੀ ਸਫ਼ਾ 26)

## ਅਹਿਮਦਾਬਾਦ

ਸੁਰਿੰਦਰ ਸ਼ਰਮਾ

1. ਅੰਨ੍ਹੇਵਾਹ ਗੋਲੀ ਕਾਰਣ — ਤੁਸੀਂ ਲੱਖ ਜ਼ਾਲਮ ਸਹੀ
ਪਰ ਤਿਰੰਗੇ ਦੇ ਸਨਮਾਨ ਲਈ,
ਕਰਫਿਊ 'ਚ ਕੁਝ ਘੰਟਿਆਂ ਦੀ ਮੋਹਲਤ ਵਾਸਤੇ
ਤੁਹਾਡੀ ਬਹੁਤ ਮੇਹਰਬਾਨੀ !
ਤੇ ਹੁਣ,
ਸਮੇਂ ਦੀ ਸਾਰਥਕਤਾ, ਇਸੇ 'ਚ ਹੈ
ਕਿ ਅਸੀਂ ਲਾਸ਼ਾਂ ਫੂਕਦੇ ਹਾਂ ਤੁਸੀਂ ਭਾਸ਼ਣ ਦਿਓ !

2. ਇਹ ਅੱਜ ਦੀ ਕੇਵਲ ਸੁਰਖੀ ਹੀ ਨਹੀਂ
ਮੁੱਖ ਪ੍ਰਸਾਰਣ ਵੀ ਹੈ
ਕਿ "ਸੈਨਾ ਦਾ ਗਸ਼ਤ, ਨਿਰੰਤਰ ਜਾਰੀ ਹੈ
ਅਤੇ ਸ਼ਹਿਰ ਵਿਚ, ਮੁਕੰਮਲ ਸ਼ਾਂਤੀ ਹੈ"
ਤੇ ਇਸ ਵਧੀਆ ਲਤੀਫੇ ਲਈ
ਹਰ ਖੇਤਰ 'ਚ ਆਤਮ ਨਿਰਭਰ ਹੋ ਰਹੇ
ਇਸ ਆਜ਼ਾਦ ਮੁਲਕ ਤੋਂ ਵਾਰੇ ਜਾਣ ਨੂੰ ਜੀਅ ਕਰਦਾ ਹੈ।

3. ਮੈਂ ਬਥੇਰਾ ਸਮਝਾਉਂਦਾ ਹਾਂ ਕਿ ਖ਼ਬਰ ਭਾਵੇਂ ਸੱਚੀ ਵੀ ਹੋਵੇ
ਪਰ "ਕਾਨੂੰਨ" ਕਦੇ ਗਲਤ ਨਹੀਂ ਹੁੰਦਾ।
ਤੇ ਦਸ ਦਿਨ ਦੇ ਬੱਚੇ ਨੂੰ ਗੋਲੀ ਵੱਜਣ ਦੀ
ਕੋਈ ਠੋਸ ਵਜਹ ਜ਼ਰੂਰ ਹੋਵੇਗੀ।
ਪਰ ਮੇਰੀ ਗਰਭਵਤੀ ਪਤਨੀ ਵੀ ਅਜੀਬ ਸ਼ੈਅ ਹੈ
ਉਹ ਹਰ ਰਾਤ, ਤ੍ਰਭਕ ਕੇ ਉਠਦੀ ਤੇ ਰੋਣ ਲਗ ਪੈਂਦੀ ਹੈ

ਸਥਾਈ ਕਾਲਮ

## ਸੰਜੀਵਨੀ ਬੂਟੀ

(ਹਾਸ ਰਸ)

# ਕਮਿਸ਼ਨ

ਸਆਦਤ ਹਸਨ ਮੰਟੋ

[ਦਰਵਾਜ਼ਾ ਖੁਲ੍ਹਦਾ ਹੈ। ਚੋਬਦਾਰ ਤਿੰਨ ਵਾਰ ਫਰਸ਼ ਉਤੇ ਆਪਣੀ ਲਾਠੀ ਖੜਕਾ ਕੇ ਐਲਾਨ ਕਰਦਾ ਹੈ।]

ਚੋਬਦਾਰ—ਬਾ ਅਦਬ, ਬਾ ਮੁਲਾਹਜ਼ਾ, ਹੋਸ਼ਿਆਰ, ਨਜ਼ਰਾਂ ਰੂ ਬਰੂ। ਬਾਦਸ਼ਾਹ ਸਲਾਮਤ ਲੰਚ ਵਾਸਤੇ ਤਸ਼ਰੀਫ਼ ਲਿਆ ਰਹੇ ਹਨ ......r

[ਬਾਦਸ਼ਾਹ ਸਲਾਮਤ ਦੇ ਭਾਰੀ ਕਦਮਾਂ ਦੀ ਵਿੜਕ ਸੁਣਾਈ ਦਿੰਦੀ ਹੈ। ਏਸ ਉਪ੍ਰੰਤ ਉਹ ਪਧਾਰਦੇ ਹਨ।]

ਸ਼ਹਿਨਸ਼ਾਹ—ਹੈੱਡ ਬਟਲਰ ਕਿੱਥੇ ਹੈ ?

[ਚੋਬਦਾਰ ਇੱਕ ਬਹੁਤ ਵੱਡੇ ਡੋਂਗੇ ਤੋਂ ਢੱਕਣ ਚੁੱਕਦਾ ਹੈ। ਹੈੱਡ ਬਟਲਰ ਡੱਡੂ ਵਾਂਗ ਟਪੋਸੀ ਮਾਰ ਕ੍ਰੇ ਬਾਹਰ ਨਿਕਲਦਾ ਹੈ ਤੇ ਫ਼ਰਸ਼ੀ ਸਲਾਮ ਕਰਦਾ ਹੈ।]

ਹੈੱਡ ਬਟਲਰ—ਦਾਸ ਡੰਡੋਤ ਕਰਦਾ ਹੈ।

ਸ਼ਹਿਨਸ਼ਾਹ—ਅੱਜ ਦੇ ਭੋਜ ਵਿਚ ਕੀ ਕੁੱਛ ਪਰੋਸਿਆ ਗਿਆ ਹੈ ?

ਹੈੱਡ ਬਟਲਰ—ਗੋਸ਼ਤ, ਪਲਾਉ, ਮੱਛੀ ਪਲਾਉ, ਮਟਰ ਪਲਾਉ, ਮਤੰਜਨ, ਬਰਿਆਨੀ, ਜ਼ਰਦਾ, ਰੋਗਨ-ਜੋਸ਼, ਕੋਰਮਾਂ, ਟਮਾਟਰ ਮੀਟ, ਭਿੰਡੀ ਮੀਟ, ਮਟਰ ਮੀਟ, ਖਰੋੜਿਆਂ ਦਾ ਸ਼ੋਰਬਾ, ਕੀਮਾ ਕਲੇਜੀ, ਚੂਚਿਆਂ ਦੀ ਤਰੀ, ਪੋਟੈਟੋ ਕਟਲਸ, ਮਟਨ ਚੋਂਪਸ, ਪੋਟੈਟੋ ਚੋਂਪਸ—ਅਤੇ ਜਹਾਂ ਪਨਾਹ ਨੂੰ ਰੱਬ ਸਲਾਮਤ ਰੱਖੇ, ਹਰ ਹਰ ਦੀ ਦਾਲ ਵੀ ਸ਼ਾਮਿਲ ਹੈ।

ਸ਼ਹਿਨਸ਼ਾਹ—(ਗੁੱਸੇ ਨਾਲ) ਇਹ ਹਰ ਹਰ ਦੀ ਦਾਲ ਤਾਂ ਸਾਨੂੰ ਉੱਕਾ ਹੀ ਪਸੰਦ ਨਹੀਂ।

ਹੈੱਡ ਬਟਲਰ—ਯੂਅਰ ਮੈਜਸਟੀ—ਅੱਜ ਦੇ ਭੋਜ 'ਤੇ ਤਿੰਨ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਦਾਅਵਤ ਦਿੱਤੀ ਗਈ ਹੈ। ਇਸ ਲਈ......

ਸ਼ਹਿਨਸ਼ਾਹ—(ਖ਼ੁਸ਼ ਹੋ ਕੇ) ਅਸੀਂ ਤੇਰੇ ਏਸ ਫੁਰਨੇ ਦੀ ਦਾਦ ਦਿੰਦੇ ਹਾਂ, ਅਤੇ ਖ਼ੁਸ਼ ਹੋਕੇ ਤੇਰਾ ਮੂੰਹ ਮੋਤੀਆਂ ਨਾਲ਼ ਭਰਨ ਦਾ ਹੁਕਮ ਜਾਰੀ ਕਰਦੇ ਹਾਂ।

ਹੈੱਡ ਬਟਲਰ—ਇੰਜ ਕਰਨ ਨਾਲ ਤਾਂ ਮੇਰਾ ਸਾਹ ਰੁਕ ਜਾਏਗਾ, ਅੰਨ ਦਾਤਾ।

ਸ਼ਹਿਨਸ਼ਾਹ—(ਮੁਸਕਰਾ ਕੇ) ਬੰਦਾ ਸਮਝਦਾਰ ਹੈ—ਅੱਛਾ ਤੈਨੂੰ ਅਸੀਂ 'ਸਰ' ਦੀ ਉਪਾਧੀ ਬਖ਼ਸ਼ਦੇ ਹਾਂ।

ਹੈੱਡ ਬਟਲਰ—ਆਲੀ ਜਾਹ ਦੀ ਕਦਰਸ਼ਨਾਸੀ ਨੇ ਇਸ ਦੀਵੇ ਨੂੰ ਸੂਰਜ ਬਣਾ ਦਿਤਾ ਹੈ।

ਸ਼ਹਿਨਸ਼ਾਹ—ਅਤੇ ਬਣਾਇਆ ਵੀ ਕਿਹੜੀ ਸਫ਼ਾਈ ਨਾਲ ਹੈ—ਹਿੰਗ ਲੱਗੀ ਨਾ ਫਟਕੜੀ।

ਹੈੱਡ ਬਟਲਰ—ਦਾਸ ਡੰਡੋਤ ਕਰਦਾ ਹੈ, ਯੂਅਰ ਮੈਜਸਟੀ।

[ਦਰਵਾਜ਼ਾ ਖੁਲ੍ਹਦਾ ਹੈ। ਚੋਬਦਾਰ ਤਿੰਨ ਵਾਰੇ ਲਾਠੀ ਖੜਕਾ ਕੇ ਐਲਾਨ ਕਰਦਾ ਹੈ।]

ਚੋਬਦਾ਼ਰ—ਬਾ ਅਦਬ, ਬਾ ਮੁਲਾਹਜ਼ਾ, ਹੋਸ਼ਿਆਰ, ਨਜ਼ਰਾਂ ਰੂਬਰੂ—ਮਲਕਾ ਆਲੀਆ ਤਸ਼ਰੀਫ਼ ਲਿਆਉਂਦੀ ਹੈ।

[ਛੋਟੇ ਛੋਟੇ ਕਦਮਾਂ ਦੀ ਬਿੜਕ ਆਉਂਦੀ ਹੈ—ਮਲਕਾ ਤਸ਼ਰੀਫ਼ ਲਿਆਉਂਦੀ ਹੈ।]

ਮਲਿਕਾ—ਬਾਦਸ਼ਾਹ ਸਲਾਮਤ ਨੂੰ ਬਹੁਤਾ ਚਿਰ ਇੰਤਜ਼ਾਰ ਤਾਂ ਨਹੀਂ ਕਰਨਾ ਪਿਆ ? ਮੈਂ ਅਪਣੀਆਂ ਦਾਸੀਆਂ ਦੇ ਸਿਰਾਂ 'ਚ ਜੂੰਆਂ ਪੁਆ ਰਹੀ ਸੀ।

ਸ਼ਹਿਨਸ਼ਾਹ—ਕਿਉਂ ?

ਮਲਿਕਾ—ਮੈਂ ਜਨਤਾ ਲਈ ਇੱਕ ਬਲੱਡ ਬੈਂਕ ਖੋਲ੍ਹਣਾ ਚਾਹੁੰਦੀ ਹਾਂ।

ਸ਼ਹਿਨਸ਼ਾਹ—ਰਾਜ ਕਾਜ ਵਿਚ ਤੁਹਾਡੀ ਏਨੀ ਵਧੇਰੇ ਰੁਚੀ ਸਾਡੇ ਵਾਸਤੇ ਖ਼ੁਸ਼ੀ ਦਾ ਕਾਰਨ ਹੈ।

ਹੈੱਡ ਬਟਲਰ—ਜਨਤਾ ਕਿੰਨੀ ਭਾਗਾਂ ਵਾਲੀ ਹੈ, ਜਿਸ ਨੂੰ ਬਾਦਸ਼ਾਹ ਸਲਾਮਤ ਤੇ ਮਲਕਾ ਜਿਹੇ ਹਾਕਮ ਨਸੀਬ ਹੋਏ ਹਨ।

ਸ਼ਹਿਨਸ਼ਾਹ—ਪਹਿਲਾਂ ਤਾਂ ਐਵੇਂ ਹੀ ਪ੍ਰਸਿੱਧ ਸੀ ਕਿ ਫਲਾਣੇ ਬਾਦਸ਼ਾਹ ਦੇ ਰਾਜ ਵਿਚ ਸ਼ੇਰ ਬਕੱਰੀ ਇਕੋ ਘਾਟ 'ਤੇ ਪਾਣੀ ਪੀਂਦੇ ਹਨ, ਪਰ ਸਾਡੇ ਰਾਜ ਵਿਚ ਅਜਿਹੇ ਕਈ ਘਾਟ ਹਨ ਜਿੱਥੇ ਸ਼ੇਰ ਤੇ ਬੱਕਰੀਆਂ ਰਲ ਕੇ ਪਾਣੀ ਪੀਂਦੀਆਂ ਨੇ, ਤੇ ਇਸ ਅਖਾਣ ਨੂੰ ਹਕੀਕਤ ਬਣਾਉਣ ਲਈ ਸਾਨੂੰ ਸਾਰਿਆਂ ਸ਼ੇਰਾਂ ਦੇ ਦੰਦ ਕਢਵਾਉਣੇ ਪਏ।

ਹੈੱਡ ਬਟਲਰ—ਆਪ ਬਜਾ ਫਰਮਾਉਂਦੇ ਹੋ।

[ਘੰਟੀ ਦੀ ਆਵਾਜ਼ ਆਉਂਦੀ ਹੈ।]

ਸ਼ਹਿਨਸ਼ਾਹ—(ਤ੍ਰਭਕ ਕੇ) ਸਾਨੂੰ ਕਿਸ ਨੇ ਯਾਦ ਫ਼ੁਰਮਾਇਆ ਹੈ ? ਇਹ ਕੌਣ ਫਰਿਆਦੀ ਹੈ ਜਿਸ ਨੇ ਇਨਸਾਫ਼ ਦੀ ਜ਼ੰਜੀਰ ਖਿਚੀ ਹੈ ?

ਮਲਿਕਾ—ਜਹਾਂ ਪਨਾਹ, ਕੀ ਇਸ ਸਮੇਂ ਝਰੋਖੇ 'ਚ ਤਸ਼ਰੀਫ਼ ਲੈ ਜਾਣਗੇ ?

ਸ਼ਹਿਨਸ਼ਾਹ—ਹਾਂ—ਏਸੇ ਵਕਤ, ਏਸੇ ਘੜੀ। ਜਦ ਤੀਕ ਅਸੀਂ ਫ਼ਰਿਆਦੀ ਦੀ ਫ਼ਰਿਆਦ ਨਹੀਂ ਸੁਣ ਲੈਂਦੇ, ਸਾਡੇ ਲਈ ਹਰ ਹਰ ਦੀ ਦਾਲ ਖਾਣੀ ਹਰਾਮ ਹੈ। ਅਸੀਂ ਹੁਣੇ ਹੀ ਝਰੋਖੇ 'ਚ ਜਾ ਕੇ ਫ਼ਰਿਆਦੀ ਨੂੰ ਦੇਖਦੇ ਹਾਂ। ਜ਼ਰੂਰ ਉਸ 'ਤੇ ਕੋਈ ਜ਼ੁਲਮ ਹੋਇਆ ਹੋਣੈ।

[ਚੋਬਦਾਰ ਤਿੰਨ ਵਾਰ ਸੰਗਮਰਮਰੀ ਫ਼ਰਸ਼ 'ਤੇ ਲਾਠੀ ਖੜਕਾ ਕੇ ਐਲਾਨ ਕਰਦਾ ਹੈ।]

ਚੋਬਦਾਰ—ਬਾ ਅਦਬ, ਬਾ ਮੁਲਾਹਿਜ਼ਾ, ਹੋਸ਼ਿਆਰ, ਨਜ਼ਰਾਂ ਰੂਬਰੂ। ਬਾਦਸ਼ਾਹ ਸਲਾਮਤ ਫ਼ਰਿਆਦੀ ਦੀ ਫ਼ਰਿਆਦ ਸੁਣਨ ਲਈ ਤਸ਼ਰੀਫ਼ ਲਿਆਉਂਦੇ ਹਨ ......।

ਸ਼ਹਿਨਸ਼ਾਹ—ਇਹ ਕੌਣ ਸੀ ਜਿਸ ਨੇ ਸਾਡੇ ਅਦਲ ਇਨਸਾਫ਼ ਦੀ ਜ਼ੰਜੀਰ ਖਿੱਚੀ ਹੈ ਅਤੇ ਸਾਡਾ ਇਨਸਾਫ਼ ਮੰਗਿਆ ਹੈ ?

ਫ਼ਰਿਆਦੀ—ਜਹਾਂ ਪਨਾਹ, ਇਹ ਗ਼ੁਲਾਮ ਇਨਸਾਫ਼ ਚਾਹੁੰਦਾ ਹੈ।

ਸ਼ਹਿਨਸ਼ਾਹ—ਤੇਰੇ ਨਾਲ ਪੂਰਾ ਇਨਸਾਫ਼ ਹੋਵੇਗਾ, ਫ਼ਰਿਆਦੀ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਵੱਖ ਕਰਨਾ ਸਾਡਾ ਕੰਮ ਹੈ।

ਫ਼ਰਿਆਦੀ—ਅੰਨ ਦਾਤਾ, ਅੱਜ ਕੱਲ੍ਹ ਇੱਕ ਕਿਲੋ ਦੁੱਧ 'ਚ ਸਿਰਫ਼ ਦੋ ਤੁਪਕੇ ਹੀ ਦੁੱਧ ਹੁੰਦਾ ਹੈ, ਬਾਕੀ ਦਾ ਨਿਰਾ ਪਾਣੀ ਹੀ।

ਸ਼ਹਿਨਸ਼ਾਹ—ਤਸੱਲੀ ਰੱਖ ਫ਼ਰਿਆਦੀ। ਅਸੀਂ ਦੁੱਧ ਦੇ ਦੋ ਤੁਪਕੇ ਵੀ ਵੱਖ ਕਰ ਦਿਆਂਗੇ। ਬੋਲ—ਨਿਰਭੈ ਹੋ ਕੇ ਬੋਲ, ਤੈਨੂੰ ਕਿਸ ਨੇ ਕਸ਼ਟ ਦਿਤਾ ਹੈ ? ਕੀ ਮਲਕਾ ਦੇ ਪਿਸਤੌਲ ਨੇ ਤੇਰੀ ਪਤਨੀ......

ਫ਼ਰਿਆਦੀ—ਨਹੀਂ ਆਲੀ ਜਾਹ ! ਮਲਕਾ ਆਲਮ ਦੇ ਪਿਸਤੌਲ ਨਾਲ ਮੇਰੀ ਪਤਨੀ ਨਹੀਂ ਮਰੀ।

ਸ਼ਹਿਨਸ਼ਾਹ—ਇਸ ਦਾ ਮਤਲਬ ਹੈ ਇਤਿਹਾਸ ਨੇ ਖ਼ੁਦ ਨੂੰ ਨਹੀਂ ਦੁਹਰਾਇਆ। ਇਹ ਵੀ ਇਕ ਬਹੁਤ ਵਡੀ ਗੱਲ ਹੈ। ਬੋਲ ਤੂੰ ਕੀ ਕੰਮ ਕਰਦਾ ਏਂ ?

ਫ਼ਰਿਆਦੀ—ਬਾਦਸ਼ਾਹ ਸਲਾਮਤ ਦੀ ਛਤਰ ਛਾਇਆ ਹੇਠ ਦਾਸ ਨੇ ਇਕ ਬਹੁਤ ਵਡੀ ਲਾਂਡਰੀ ਖੋਲ੍ਹੀ ਹੋਈ ਹੈ।

ਸ਼ਹਿਨਸ਼ਾਹ—ਹੂੰ—ਕਪੜੇ ਘਾਟ 'ਤੇ ਖ਼ੁਦ ਧੋਂਦਾ ਏਂ ?

ਫ਼ਰਿਆਦ—ਨਹੀਂ ਬਾਦਸ਼ਾਹ ਸਲਾਮਤ—ਇਹ ਕਮੀਨਾ ਕੰਮ ਮੈਂ ਦੂਜਿਆਂ ਦੇ ਹਵਾਲੇ ਕੀਤਾ ਹੋਇਐ।

ਸ਼ਹਿਨਸ਼ਾਹ—ਇਉਂ ਹੀ ਹੋਣਾ ਚਾਹੀਦੈ—ਹੁਣ ਦਸ ਤੂੰ ਕਿਸ ਤੋਂ ਦੁੱਖੀ ਏਂ ?

ਫ਼ਰਿਆਦੀ—ਆਲੀ ਜਾਹ, ਮੈਨੂੰ ਬਹੁਤ ਵੱਡਾ ਦੁੱਖ ਪਹੁੰਚਿਆ ਹੈ। ਮੇਰੇ ਕੋਲ ਵਰਨਣ ਕਰਨ ਨੂੰ ਸ਼ਬਦ ਨਹੀਂ ਹਨ।

ਸ਼ਹਿਨਸ਼ਾਹ—ਹੂੰ (ਥੋੜੀ ਦੇਰ ਸੋਚਣ ਉਪਰੰਤ) ਫ਼ਰਿਆਦੀ, ਤੂੰ ਫ਼ਿਕਰ ਨਾ ਕਰ, ਅਸੀਂ ਸ਼ਬਦਾਂ ਦਾ ਪ੍ਰਬੰਧ ਕਰ ਦਿੰਦੇ ਹਾਂ।

ਹੈੱਡ ਬਟਲਰ—ਦਾਸ ਹਾਜ਼ਰ ਹੈ ਆਲੀ ਜਾਹ ।

ਸ਼ਹਿਨਸ਼ਾਹ—ਹੁਣੇ ਹੁਣੇ ਹੀ ਅਸੀਂ ਤੈਨੂੰ 'ਸਰ' ਦੀ ਉਪਾਧੀ ਬਖ਼ਸ਼ੀ ਸੀ ।

ਹੈੱਡ ਬਟਲਰ—ਦਾਸ ਇਸ ਕਦਰ ਸ਼ਨਾਸੀ ਦਾ ਸ਼ੁਕਰਾਨਾ ਅਦਾ ਕਰ ਚੁਕਿਆ ਹੈ ।

ਸ਼ਹਿਨਸ਼ਾਹ—ਹੁਣ ਖ਼ੁਦ ਨੂੰ ਇਸ ਕਦਰਸ਼ਨਾਸੀ ਦਾ ਹੱਕਦਾਰ ਵੀ ਸਾਬਤ ਕਰ । ਅਸੀਂ ਤੈਨੂੰ ਸ਼ਬਦ-ਮੰਤਰੀ ਨੀਯਤ ਕਰਦੇ ਹਾਂ, ਤਾਂਜੋ ਤੂੰ ਇਸ ਫ਼ਰਿਆਦੀ ਦੀ ਫ਼ਰਿਆਦ ਨੂੰ ਉਚਿਤ ਸ਼ਬਦਾਂ ਨਾਲ ਸ਼ਿੰਗਾਰ ਕੇ ਸਾਡੇ ਹਜ਼ੂਰ ਪੇਸ਼ ਕਰੇਂ ।

ਹੈੱਡ ਬਟਲਰ—ਦਾਸ ਇਹ ਫ਼ਰਜ਼ ਨਿਭਾਹਣ ਦਾ ਪੂਰਾ ਪੂਰਾ ਯਤਨ ਕਰੇਗਾ ।

ਸ਼ਹਿਨਸ਼ਾਹ—ਫ਼ਰਿਆਦੀ, ਕੀ ਤੇਰੀ ਤਸਲੀ ਹੋਈ ਹੈ ?

ਫ਼ਰਿਆਦੀ - ਹਾਂ ਆਲੀ ਜਾਹ !

ਸ਼ਹਿਨਸ਼ਾਹ—ਸ਼ਬਦ-ਮੰਤਰੀ ! ਜਾਓ, ਫ਼ਰਿਆਦੀ ਦੀ ਫ਼ਰਿਆਦ ਰਪੋਟ ਦੀ ਸ਼ਕਲ ਵਿਚ ਪੇਸ਼ ਕਰੋ ।

ਹੈੱਡ ਬਟਲਰ—ਕੰਮ ਦੀ ਮਹੱਤਤਾ ਨੂੰ ਸਨਮੁਖ ਰਖਦਿਆਂ ਦਾਸ ਇਕ ਮਹੀਨੇ ਦੀ ਮੋਹਲਤ ਦੀ ਬਿਨੈ ਕਰਦਾ ਹੈ ।

ਸ਼ਹਿਨਸ਼ਾਹ—ਅਸੀਂ ਦੋ ਮਹੀਨਿਆਂ ਦੀ ਮੋਹਲਤ ਬਖ਼ਸ਼ਦੇ ਹਾਂ ।

ਹੈੱਡ ਬਟਲਰ—ਦਾਸ ਧੰਨਵਾਦੀ ਹੈ ।

ਫ਼ਰਿਆਦੀ—ਧੰਨਵਾਦ ।

[ਦਰਵਾਜ਼ਾ ਖੁਲ੍ਹਦਾ ਹੈ । ਚੋਬਦਾਰ ਤਿੰਨ ਵਾਰ ਲਾਠੀ ਖੜਕਾ ਕੇ ਐਲਾਨ ਕਰਦਾ ਹੈ ।]

ਚੋਬਦਾਰ—ਬਾ ਅਦਬ, ਬਾ ਮੁਲਾਹਿਜ਼ਾ, ਹੋਸ਼ਿਆਰ, ਨਜ਼ਰਾਂ ਰੂਬਰੂ । ਬਾਦਸ਼ਾਹ ਸਲਾਮਤ ਦੋ ਮਹੀਨਿਆਂ ਉਪਰੰਤ ਲਾਂਡਰੀ ਵਾਲੇ ਕੇਸ ਸੰਬੰਧੀ ਹੈੱਡ ਬਟਲਰ ਉਰਫ਼ ਸ਼ਬਦ-ਮੰਤਰੀ ਦੀ ਰਪੋਟ ਸੁਣਨ ਲਈ ਤਸ਼ਰੀਫ਼ ਲਿਆ ਰਹੇ ਹਨ...... ।

(ਸ਼ਹਿਨਸ਼ਾਹ ਝਰੋਖੇ ਵਿਚ ਤਸ਼ਰੀਫ਼ ਲਿਆਉਂਦੇ ਹਨ ।)

ਸ਼ਹਿਨਸ਼ਾਹ—ਸ਼ਬਦ-ਮੰਤਰੀ, ਲਾਂਡਰੀ ਵਾਲੇ ਫ਼ਰਿਆਦੀ ਦੀ ਰਪੋਟ ਢੁੱਕਵੇਂ ਸ਼ਬਦਾਂ 'ਚ ਤਿਆਰ ਹੋ ਗਈ ਹੈ ?

ਹੈੱਡ ਬਟਲਰ—ਆਲੀ ਜਾਹ, ਦੋ ਮਹੀਨਿਆਂ ਦੀ ਲਗਾਤਾਰ ਮੁਸ਼ੱਕਤ ਅਤੇ ਮਗ਼ਜ਼ਪੱਚੀ ਪਿਛੋਂ ਦਾਸ ਇਕ ਕਰੋੜ ਸ਼ਬਦਾਂ 'ਤੇ ਅਧਾਰਿਤ ਰਪੋਟ ਤਿਆਰ ਕਰਨ ਵਿਚ ਸਫ਼ਲ ਹੋ ਗਿਆ ਹੈ ਅਤੇ ਜਨਤਾ ਦੀ ਜਾਣਕਾਰੀ ਲਈ ਉਹ ਸਰਕਾਰੀ ਛਾਪੇਖ਼ਾਨੇ ਵਿਚ ਛਪ ਰਹੀ ਹੈ ।

ਸ਼ਹਿਨਸ਼ਾਹ—ਫ਼ਰਿਆਦੀ ! ਸ਼ਬਦ ਮੰਤਰੀ ਦੇ ਇਸ ਕੰਮ ਤੋਂ ਤੇਰੀ ਤਸਲੀ ਹੋਈ ਹੈ ?

ਫ਼ਰਿਆਦੀ—ਬਿਲਕੁਲ ਆਲੀ ਜਾਹ ! ਕੰਮ ਬੜੇ ਸੁਚੱਜੇ ਢੰਗ ਨਾਲ ਨੇਪਰੇ ਚੜ੍ਹ ਰਿਹੈ ।

ਸ਼ਹਿਨਸ਼ਾਹ—ਸ਼ਬਦ-ਮੰਤਰੀ, ਅਸੀਂ ਥੋੜੇ ਸਮੇਂ ਲਈ ਤੈਨੂੰ ਖ਼ੁਲਾਸਾ ਮੰਤਰੀ ਬਣਾ ਕੇ ਉਸ ਰਪੋਟ ਦਾ ਸੰਖੇਪ ਪੁੱਛਦੇ ਹਾਂ, ਜੋ ਜਨਤਾ ਦੀ ਜਾਣਕਾਰੀ ਲਈ ਛਾਪੇਖ਼ਾਨੇ 'ਚ ਛਪ ਗਈ ਹੈ ।

ਹੈੱਡ ਬਟਲਰ—ਰਪੋਟ ਦਾ ਸੰਖੇਪ, ਇਉਂ ਹੈ ਆਲੀ ਜਾਹ—ਕਿ ਫ਼ਰਿਆਦੀ ਇੱਕ ਬਹੁਤ ਵੱਡੀ ਲਾਂਡਰੀ ਦਾ ਮਾਲਿਕ ਹੈ । ਇਸ ਲਾਂਡਰੀ ਵਿਚ ਸਾਰੇ ਕਪੜੇ ਸਾਬਣ ਨਾਲ ਨਹੀਂ, ਸਗੋਂ ਕਈ ਹੋਰ ਚੀਜ਼ਾਂ ਨਾਲ ਧੋਤੇ ਜਾਂਦੇ ਹਨ, ਜਿਸਦਾ ਨੁਸਖ਼ਾ ਸਿਰਫ਼ ਫ਼ਰਿਆਦੀ ਹੀ ਜਾਣਦਾ ਹੈ ।

ਫ਼ਰਿਆਦੀ—ਇਹ ਨੁਸਖ਼ਾ—ਸੀਨਾ-ਬ-ਸੀਨਾ ਚਲਿਆ ਆ ਰਿਹਾ ਹੈ, ਆਲੀ ਜਾਹ !

ਸ਼ਹਿਨਸ਼ਾਹ—ਖ਼ੂਬ ।

ਹੈੱਡ ਬਟਲਰ—ਡਰਾਈ ਕਲੀਨਿੰਗ ਦੇ ਕੰਮ ਵਿਚ ਵੀ ਫ਼ਰਿਆਦੀ ਪੈਟਰੋਲ ਦਾ ਪ੍ਰਯੋਗ ਨਹੀਂ ਕਰਦਾ ।

ਫ਼ਰਿਆਦੀ—ਦਾਸ ਪੈਟਰੋਲ ਦਾ ਸਾਰਾ ਕੋਟਾ ਬਲੈਕ ਮਾਰਕੀਟ ਵਿੱਚ ਵੇਚਦਾ ਹੈ, ਆਲੀ ਜਾਹ !

ਸ਼ਹਿਨਸ਼ਾਹ—ਬਹੁਤ ਖ਼ੂਬ ।

ਹੈੱਡ ਬਟਲਰ—ਫ਼ਰਿਆਦੀ ਦੀ ਲਾਂਡਰੀ 'ਚ ਸਾਢੇ ਸੱਤ ਸੌ ਧੋਬੀ ਕੰਮ ਕਰਦੇ ਹਨ । ਇਹਨਾਂ ਨੂੰ ਸੀਨਾ-ਬ-ਸੀਨਾ ਚਲੇ ਆਉਂਦੇ ਅਸੂਲਾਂ ਨਾਲ ਹੀ ਵੇਤਨ ਮਿਲਦਾ ਹੈ, ਜਿਹੜਾ ਮੁਗ਼ਲ ਬਾਦਸ਼ਾਹਾਂ ਦੇ ਸਮੇਂ ਧੋਬੀਆਂ ਨੂੰ ਮਿਲਦਾ ਸੀ । ਫ਼ਰਿਆਦੀ

ਨੇਂ ਚਾਰ ਮਹੀਨੇ ਹੋਏ, ਅਨੁਭਵ ਕੀਤਾ ਕਿ ਉਸ ਦੇ ਸਭ ਤਨਖ਼ਾਹਦਾਰ ਉਸ ਦਾ ਸਾਬਣ ਖਾ ਰਹੇ ਹਨ।

ਸ਼ਹਿਨਸ਼ਾਹ—ਫ਼ਰਿਆਦੀ ਨੇ ਇਹ ਕਿਵੇਂ ਅਨੁਭਵ ਕੀਤਾ ?

ਫ਼ਰਿਆਦੀ—ਉਹਨਾਂ ਦਾ ਰੰਗ ਦਿਨ ਬਦਿਨ ਕਪੜੇ ਵਾਂਗ ਨਿੱਖਰ ਰਿਹਾ ਸੀ, ਆਲੀ ਜਾਹ !

ਸ਼ਹਿਨਸ਼ਾਹ—ਦਰੁਸਤ, ਬਿਲਕੁਲ ਦਰੁਸਤ।

ਹੈੱਡ ਬਟਲਰ—ਉਹਨਾਂ ਨੇ ਸਾਬਣ ਖਾਣ 'ਤੇ ਹੀ ਬੱਸ ਨਹੀਂ ਕੀਤੀ, ਇਸ ਗ਼ਰੀਬ ਦਾ ਪੈਟਰੋਲ ਵੀ ਪੀਣਾ ਸ਼ੁਰੂ ਕਰ ਦਿਤਾ।

ਸ਼ਹਿਨਸ਼ਾਹ—ਫ਼ਰਿਆਦੀ, ਪੈਟਰੋਲ ਪੀਣ ਬਾਰੇ ਤੈਨੂੰ ਕਿਵੇਂ ਪਤਾ ਲੱਗਾ ?

ਫ਼ਰਿਆਦੀ—ਆਲੀ ਜਾਹ, ਉਹਨਾਂ ਦੇ ਧੂੰਆਂਧਾਰ ਭਾਸ਼ਨ ਦੱਸ ਰਹੇ ਸਨ।

ਸ਼ਹਿਨਸ਼ਾਹ—ਦਰੁਸਤ, ਬਿਲਕੁਲ ਦਰੁਸਤ।

ਹੈੱਡ ਬਟਲਰ—ਇਹਨਾਂ ਹਰਾਮ ਖ਼ੋਰਾਂ ਤੋਂ ਤੰਗ ਆ ਕੇ ਫ਼ਰਿਆਦੀ ਨੇ ਕਪੜੇ ਸੁਕਾਉਣ ਦੇ ਬਹਾਨੇ ਇਹਨਾਂ ਨੂੰ ਉਸ ਮੈਦਾਨ ਵਲ ਤੋਰ ਦਿਤਾ, ਜਿਥੇ ਰਾਜਕੁਮਾਰੀਆਂ ਚਾਂਦ-ਮਾਰੀ ਸਿਖਦੀਆਂ ਹਨ।

ਸ਼ਹਿਨਸ਼ਾਹ—(ਫ਼ਿਕਰਮੰਦ ਹੋ ਕੇ) ਕੀ ਰਾਜਕੁਮਾਰੀਆਂ ਨੇ ਇਹਨਾਂ ਬੇ-ਗੁਨਾਹਾਂ ਨੂੰ ਮਾਰ ਦਿਤੇ ?

ਹੈੱਡ ਬਟਲਰ—ਇਉਂ ਹੀ ਹੋਇਐ ਆਲੀ ਜਾਹ ! ਰਾਜ ਕੁਮਾਰੀਆਂ ਨੂੰ ਇਹ ਗ਼ਲਤ ਫ਼ਹਿਮੀ ਰਹੀ ਕਿ ਉਹ ਸਾਢੇ ਸੱਤ ਸੌ ਧੋਬੀ, ਜੰਗਲੀ ਬੰਦਿਆਂ ਦੀ ਉਹ ਕਿਸ਼ਤ ਹੈ, ਜੋ ਰਾਜਕੁਮਾਰੀਆਂ ਦਾ ਨਿਸ਼ਾਨਾ ਸੋਧਣ ਲਈ ਹਰ ਹਫ਼ਤੇ ਭੇਜੀ ਜਾਂਦੀ ਸੀ।

ਸ਼ਹਿਨਸ਼ਾਹ—ਧੋਬੀਆਂ ਅਤੇ ਜੰਗਲੀ ਬੰਦਿਆਂ 'ਚ ਧਰਤੀ ਆਕਾਸ਼ ਜਿੰਨਾ ਅੰਤਰ ਹੈ।

ਹੈੱਡ ਬਟਲਰ—ਆਲੀ ਜਾਹ ਦਾ ਕਥਨ ਬਿਲਕੁਲ ਦਰੁਸਤ ਹੈ—ਸਾਢੇ ਸੱਤ ਸੌ ਧੋਬੀਆਂ ਦੇ ਸੰਬੰਧੀ, ਇਸੇ ਲਈ ਫ਼ਰਿਆਦੀ ਨੂੰ ਉਹਨਾਂ ਦੀ ਮੌਤ ਦਾ ਜ਼ਿੰਮੇਵਾਰ ਠਹਿਰਾਉਂਦੇ ਹਨ।

ਫ਼ਰਿਆਦੀ—ਦਾਸ ਦਾ ਦੋਸ਼ ਕੇਵਲ ਏਨਾ ਹੈ ਆਲੀ ਜਾਹ, ਕਿ ਉਸ ਨੇ ਤੰਗ ਆ ਕੇ ਉਹਨਾਂ ਨੂੰ ਏਸ ਮੈਦਾਨ ਵੱਲ ਤੋਰਿਆ ਸੀ ਜਿੱਥੇ ਰਾਜਕੁਮਾਰੀਆਂ ਨਿਸ਼ਾਨਾ ਦਰੁਸਤ ਕਰਦੀਆਂ ਹਨ। ਪਰੰਤੂ ਉਹਨਾਂ ਦੀ ਦੁੱਖ ਭਰੀ ਮੌਤ ਤੇ ਬਾਅਦ ਵਿਚ ਜਦ ਮੈਂ ਵਿਚਾਰ ਕੀਤਾ ਤਾਂ ਪਤਾ ਲਗਿਆ ਕਿ ਅਣਚਾਹੇ ਤੌਰ 'ਤੇ ਹੀ ਦਾਸ ਨੇ ਆਲੀ ਜਾਹ ਨੂੰ ਇਨਸਾਫ਼ ਕਰਨ ਦਾ ਇਕ ਬਹੁਤ ਚੰਗਾ ਔਸਰ ਜੁਟਾਇਆ ਹੈ।

ਸ਼ਹਿਨਸ਼ਾਹ—(ਡੂੰਘੇ ਵਿਚਾਰ ਉਪਰੰਤ) ਅਸੀਂ ਵੀ ਇਸੇ ਸਿਟੇ 'ਤੇ ਪਹੁੰਚੇ ਹਾਂ। ਇਤਿਹਾਸ ਵਿਚ ਇਸ ਤੋਂ ਪਹਿਲਾਂ ਜਹਾਂਗੀਰ ਨੂੰ ਵੀ ਅਜਿਹੇ ਕਈ ਝਗੜਿਆਂ ਨੂੰ ਨਬੇੜਨਾ ਪਿਆ ਸੀ, ਪਰ ਅਸੀਂ ਵਰਤਮਾਨ ਯੁੱਗ ਦੇ ਬਾਦਸ਼ਾਹ ਹਾਂ। ਜਹਾਂਗੀਰ ਦਾ ਇਨਸਾਫ਼ ਏਸ ਯੁੱਗ ਵਿੱਚ ਕੋਈ ਹਕੀਕਤ ਨਹੀਂ ਰਖਦਾ। ਖ਼ੂਨ ਦਾ ਬਦਲਾ ਤਾਂ ਕੇਵਲ ਖ਼ੂਨ ਹੈ।

ਹੈੱਡ ਬਟਲਰ—ਕੀ ਰਾਜ ਕੁਮਾਰੀਆਂ ਨੂੰ......। ਦਾਸ ਦੇ ਮੂੰਹ ਵਿੱਚ ਖ਼ਾਕ—ਅੱਗੇ ਕੀ ਕਹਾਂ...।

ਸ਼ਹਿਨਸ਼ਾਹ—ਸ਼ਬਦ-ਮੰਤਰੀ, ਸਾਨੂੰ ਆਪਣਾ ਫ਼ਰਜ਼ ਅਦਾ ਕਰਨ ਦੇ।

[ਚੋਬਦਾਰ ਤਿੰਨ ਵਾਰ ਫ਼ਰਸ਼'ਤੇ ਲਾਠੀ ਖੜਕਾ ਕੇ ਐਲਾਨ ਕਰਦਾ ਹੈ।]

ਚੋਬਦਾਰ—ਬਾ ਅਦਬ, ਬਾ ਮੁਲਾਹਿਜ਼ਾ, ਹੋਸ਼ਿਆਰ, ਨਜ਼ਰਾਂ ਰੂ ਬਰੂ। ਮਲਕਾ ਆਲੀਆ ਦੀ ਸਵਾਰੀ ਆ ਰਹੀ ਹੈ।

[ਮਲਕਾ ਆਲੀਆ ਖੁੱਲ੍ਹੇ ਵਾਲੀਂ ਆਉਂਦੀ ਹੈ।]

ਮਲਕਾ—ਆਲੀ ਜਾਹ।

ਹੈੱਡ ਬਲਟਰ—ਅੰਨ ਦਾਤਾ।

ਫ਼ਰਿਆਦੀ—ਸਾਢੇ ਸੱਤ ਸੌ ਧੋਬੀਆਂ ਦੇ ਖ਼ੂਨ ਦਾ ਬਦਲਾ ਖ਼ੂਨ ਨਹੀਂ ਚਾਹੀਦਾ, ਆਲੀ ਜਾਹ ! ਕੇਵਲ ਪੰਜ ਰੁਪਏ ਪ੍ਰਤੀ ਧੋਬੀ ਕਾਫ਼ੀ ਹਨ।

ਸ਼ਹਿਨਸ਼ਾਹ—ਨਹੀਂ, ਅਸੀਂ ਆਪਣੇ ਇਨਸਾਫ਼ ਦੇ ਪੱਲੂ 'ਤੇ ਜਹਾਂਗੀਰ ਵਾਂਗ ਦਾਗ਼ ਨਹੀਂ ਲੱਗਣ ਦਿਆਂਗੇ। ਖ਼ੂਨ ਦਾ ਬਦਲਾ ਖ਼ੂਨ ਹੈ। ਸ਼ਬਦ-ਮੰਤਰੀ, ਰਾਜ ਕੁਮਾਰੀਆਂ ਦੀ ਗਿਣਤੀ ਕਿੰਨੀ ਹੈ ?

ਹੈੱਡ ਬਟਲਰ—ਪਿਛਲੇ ਵਰ੍ਹੇਂਦੇ ਅੰਕੜਿਆਂ ਅਨੁਸਾਰ ਇਹਨਾਂ ਦੀ ਗਿਣਤੀ ਚਾਰ ਸੌ ਵੀਹ ਤਕ ਹੈ।

ਮਲਕਾ—ਭਾਵੇਂ ਇਹਨਾਂ ਵਿਚ ਮੇਰੀ ਪੇਟੋਂ ਜਾਈ ਕੋਈ ਬੇਟੀ ਸ਼ਾਮਿਲ ਨਹੀਂ ਹੈ, ਤਾਂ ਵੀ ਮੈਂ ਆਲੀ ਜਾਹ ਨੂੰ ਬੇਨਤੀ ਕਰਦੀ ਹਾਂ, ਕਿ.........।

ਸ਼ਹਿਨਸ਼ਾਹ—ਸਾਨੂੰ ਆਪਣੇ ਫ਼ਰਜ਼ ਤੋਂ ਮੁਕਤ ਹੋਣ ਦੇ, ਮਲਿਕਾ ! ਖ਼ੂਨ ਦਾ ਬਦਲਾ ਖ਼ੂਨ ਹੈ—ਕੇਵਲ ਖ਼ੂਨ।

ਫ਼ਰਿਆਦੀ—ਆਲੀ ਜਾਹ, ਇਹਨਾਂ ਸਾਰੇ ਸੱਤ ਸੌ ਧੋਬੀਆਂ ਵਿਚ ਤਾਂ ਕੇਵਲ ਇੱਕ ਇੱਕ ਕਤਰਾ ਹੀ ਖ਼ੂਨ ਸੀ।

ਸ਼ਹਿਨਸ਼ਾਹ—ਤੂੰ ਕਿਵੇਂ ਜਾਣਿਆ ?

ਫ਼ਰਿਆਦੀ—ਉਹਨਾਂ ਦਾ ਸਾਰਾ ਖ਼ੂਨ ਤਾਂ ਮੈਂ ਨਿਚੋੜ ਲਿਆ ਸੀ। ਕੇਵਲ ਇੱਕ ਇੱਕ ਤੁਪਕਾ ਹੀ ਸਾਹ ਲੈਣ ਨੂੰ ਬਾਕੀ ਛਡਿਆ ਸੀ।

ਸ਼ਹਿਨਸ਼ਾਹ—ਸਾਡੇ ਇਨਸਾਫ਼ ਦੀਆਂ ਨਜ਼ਰਾਂ 'ਚ ਖ਼ੂਨ ਦੇ ਇਕ ਤੁਪਕੇ ਤੇ ਖ਼ੂਨ ਦੇ ਸਮੁੰਦਰ 'ਚ ਕੋਈ ਅੰਤਰ ਨਹੀਂ। ਇਸ ਤੋਂ ਪਹਿਲਾਂ ਕਿ ਪਿਛਾਂਹ ਖਿੱਚੂ ਤਾਕਤਾਂ ਸਾਨੂੰ ਗੁਮਰਾਹ ਕਰ ਦੇਣ, ਰਾਜ ਦੇ ਕੋਨੇ ਕੋਨੇ ਵਿਚ ਰੇਡਿਓ ਰਾਹੀਂ ਐਲਾਨ ਕਰ ਦਿਤਾ ਜਾਵੇ, ਕਿ ਅਸੀਂ ਲਾਂਡਰੀ ਵਾਲੇ ਕੇਸ ਦਾ ਫ਼ੈਸਲਾ ਕਰਨ ਵਿਚ ਆਪਣੀ ਲਾਸਾਨੀ ਨਿਰਪੱਖਤਾ ਦਾ ਸਬੂਤ ਦੇਵਾਂਗੇ। ਖ਼ੂਨ ਦਾ ਬਦਲਾ ਖ਼ੂਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜ ਕੁਮਾਰੀਆਂ ਦੀਆਂ ਰਗਾਂ ਵਿਚ ਸਾਡਾ ਨੀਲਾ ਖ਼ੂਨ ਦੌੜ ਰਿਹੈ। ਪ੍ਰੰਤੂ ਇਹਨਾਂ ਧੋਬੀਆਂ ਦੇ ਸੁਰਖ਼ ਖ਼ੂਨ ਦਾ ਬਦਲਾ ਚੁਕਾਉਣਾ ਹੀ ਪਵੇਗਾ। ਚਾਰ ਚੁਫੇਰੇ ਐਲਾਨ ਕਰ ਦਿਤਾ ਜਾਵੇ, ਕਿ ਅਸੀਂ ਏਸ ਸੰਗੀਨ ਮੁਕਦਮੇ ਦਾ ਫ਼ੈਸਲਾ ਕਰਨ ਲਈ ਇਕ ਪੜਤਾਲੀਆਂ ਕਮਿਸ਼ਨ ਬਿਠਾ ਦਿਤਾ ਹੈ।

ਹੈੱਡਬਟਲਰ—ਕਮਿਸ਼ਨ ?

ਮਲਿਕਾ—ਕਮਿਸ਼ਨ ??

ਫ਼ਰਿਆਦੀ—ਕਮਿਸ਼ਨ ???

ਸ਼ਹਿਨਸ਼ਾਹ—ਹਾਂ, ਕਮਿਸ਼ਨ ! ਇਹ ਕਮਿਸ਼ਨ ਰਾਜ ਦੇ ਚਾਰ ਵੱਡੇ ਧੋਬੀਆਂ ਦੇ ਸਭ ਤੋਂ ਵਡੇ ਡਰਾਈ ਕਲੀਨਰਾਂ ਤੇ ਦੋ ਫ਼ੋਲੀ ਚੁਕ ਸਰਕਾਰੀ ਕਰਮਚਾਰੀਆਂ 'ਤੇ ਅਧਾਰਿਤ ਹੋਵੇਗਾ। ਹੈੱਡ ਬਟਲਰ, ਜਿਸ ਨੂੰ ਅਸੀਂ ਪਹਿਲੋਂ 'ਸਰ' ਦੀ ਉਪਾਧੀ ਬਖ਼ਸ਼ੀ ਸੀ ਤੇ ਫੇਰ ਸ਼ਬਦ-ਮੰਤਰੀ ਨੀਯਤ ਕੀਤਾ ਸੀ, ਏਸ ਕਮਿਸ਼ਨ ਦਾ ਮੁੱਖੀ ਹੋਵੇਗਾ।

ਹੈੱਡ ਬਟਲਰ—ਦਾਸ ਪਾਸੋਂ ਏਡਾ ਮਹਾਨ ਕਾਰਜ ਨੇਪਰੇ ਨਹੀਂ ਚੜ੍ਹਾਇਆ ਜਾਣਾ ਆਲੀ ਜਾਹ !

ਸ਼ਹਿਨਸ਼ਾਹ—ਸਾਨੂੰ ਇਸਦਾ ਪੂਰਾ ਪੂਰਾ ਗਿਆਨ ਹੈ, ਪਰ ਤੇਰੀ ਸਦਾਰਤ ਵਿਚ ਇਹ ਪੜਤਾਲੀਆ ਕਮਿਸ਼ਨ ਜਦ ਆਪਣੀ ਰਪੋਟ ਤਿਆਰ ਕਰ ਲਵੇਗਾ, ਤਾਂ ਜਨਤਾ ਦੀ ਤਸਲੀ ਵਾਸਤੇ ਅਸੀਂ ਏਸ ਕਮਿਸ਼ਨ 'ਤੇ ਇਕ ਹੋਰ ਕਮਿਸ਼ਨ ਬਿਠਾਵਾਂਗੇ, ਤਾਂਜੋ ਇਨਸਾਫ਼ ਦੀਆਂ ਨਜ਼ਰਾਂ ਵਿਚ ਕੋਈ ਨੁਕਰ ਲੁਕੀ ਛਿਪੀ ਨਾ ਰਹੇ।

ਹੈੱਡ ਬਟਲਰ—ਆਲੀ ਜਾਹ, ਜਨਤਾ ਦੀ ਤਸੱਲੀ ਤਾਂ ਵੀ ਨਹੀਂ ਹੋਣੀ, ਇਨਕਾਰ ਉਹਨਾਂ ਦੇ ਮੱਥੇ 'ਤੇ ਲਿਖਿਆ ਹੈ।

ਸ਼ਹਿਨਸ਼ਾਹ—(ਚਿੰਤਾਤੁਰ ਹੋ ਕੇ) ਜਨਤਾ ਦੀ ਤਸਲੀ ਅਤਿ ਜ਼ਰੂਰੀ ਹੈ, ਅਤੇ ਸਰਵ ਪ੍ਰਥਮ ਹੈ। ਅਸੀਂ ਤਦ ਤੀਕ ਕੋਈ ਨਿਰਣਾ ਕਰਨ ਨੂੰ ਤਿਆਰ ਨਹੀਂ, ਜਦ ਤੀਕ ਏਸ ਮਾਮਲੇ 'ਚ ਸਾਡੀ ਤਸਲੀ ਨਾ ਹੋਵੇ ਕਿ ਜਨਤਾ ਸਾਡੇ ਵਲੋਂ ਬਿਲਕੁਲ ਸੰਤੁਸ਼ਟ ਹੈ। ਰੱਬ ਦਾ ਨਾਂ ਲੈ ਕੇ ਸਭ ਤੋਂ ਪਹਿਲਾਂ ਅਸੀਂ ਪਹਿਲਾ ਕਮਿਸ਼ਨ ਬਿਠਾ'ਦੇ ਹਾਂ। ਇਸ ਦਾ ਨਾਂ ਜਨਤਾ ਤਸੱਲੀ ਕਮਿਸ਼ਨ ਹੋਵੇਗਾ।

ਹੈੱਡ ਬਟਲਰ—ਆਲੀ ਜਾਹ, ਜ਼ਿੰਦਾਬਾਦ।

ਮਲਕਾ—ਅਦਲ ਇਨਸਾਫ਼, ਜ਼ਿੰਦਾਬਾਦ !!

ਫ਼ਰਿਆਦੀ—ਜਨਤਾ ਤਸਲੀ ਕਮਿਸ਼ਨ, ਜ਼ਿੰਦਾਬਾਦ !!!

[ਪੰਜਾਬੀ ਰੂਪ : ਦਲੀਪ ਸਿੰਘ ਭੂਪਾਲ ਤੇ ਸ਼ਿਵ ਕੁਮਾਰ ਸ਼ਰਮਾ

**BUYING, SELLING, TRADING?**
**TWO PROFESSIONAL SALESMEN TO SERVE YOU AND YOUR PARTICULAR REAL ESTATE NEEDS. CALL US AT**

## MARS REALTY

1437 Kingsway
Vancouver

**872-0131**



ਅਮਰਜੀਤ ਗਿੱਲ

ਦਰਸ਼ਨ ਉੱਪਲ



**AMARJIT GILL**
Res. 278-5443

**DARSHAN UPPAL**
Res. 594-8756



**IF YOU WANT GOOD QUALITY FURNITURE AT LOW PRICES COME AND SEE US AT**



Reg. $299.00 - Sale $199.00

# Regina Furniture

**2707 Main St. Vancouver, B.C.**
**Phone 879-8319**

**ALSO**

**For your travel needs contact**
**Kehar Singh Lidhar (Bhoot)**

## SPECIAL

DOUBLE BED

Reg. 149.00

Sale 99.50



## ਬੇਵੱਸ ਅਬਲਾ / ਭੁਪਿੰਦਰ ਰੈਨਾ

ਚਾਰੇ ਪਾਸੇ ਹਨੇਰਾ ਸੀ। ਕਿਤੋਂ ਦੂਰੋਂ ਕਿਸੇ ਅਬਲਾ ਦੀ ਆਵਾਜ਼ ਆ ਰਹੀ ਸੀ, "ਵੇ ਮਰ ਜਾਣਿਆ ਗਰਕ ਜਾਣਿਆ, ਤੈਨੂੰ ਸ਼ਰਮ ਨਹੀਂ ਆਂਦੀ, ਤੂੰ ਮੇਰੀ ਹੀ ਪਤ ਲੁਟੀ ਜਾਂਦਾ ਹੈਂ ? ਵੇ ਕੋੜੀ ਫੁਟਣਿਆਂ ਆਪਣੇ ਭਰਾਵਾਂ ਤੇ ਤਰਸ ਤੇ ਖਾ। ਕਿਉਂ ਉਹਨਾਂ ਵਿਚਾਰਿਆਂ ਦੀ ਰੱਤ ਚੂਸੀ ਜਾਂਦਾ ਹੈਂ ?"

ਆਵਾਜ਼ ਨੇੜੇ ਹੁੰਦੀ ਗਈ, "ਓਣਿਆਂ ਦਾ ਨਖੱਤਿਆ ਕੀ ਭਰਾਵਾਂ ਦਾ ਹੱਕ ਮਾਰ ਕੇ ਤੈਨੂੰ ਚੈਨ ਮਿਲਦਾ ਹੈ ? ਵੇ ਮੇਰੇ ਲਾਡਲੇ ਗਰੀਬ ਪੁਤ ਭੁਖੇ, ਨੰਗੇ ਤੇਰੇ ਮਹਿਲਾਂ ਦੇ ਪਿਛੇ ਤੜਫ ਤੜਫ ਕੇ ਦਮ ਤੋੜਦੇ ਪਏ ਨੇ, ਉਹਨਾਂ ਤੇ ਰਹਿਮ ਤੇ ਕਰ।"

ਆਵਾਜ਼ ਬਿਲਕੁਲ ਕੋਲ ਆ ਗਈ, "ਨਲਜਿਆ ਤੂੰ ਜੰਮਦਿਉਂ ਨਹੀਂ ਗਰਕ ਗਿਆ ? ਤੈਨੂੰ ਪੁਤ ਕਹਿੰਦਿਆਂ ਵੀ ਮੈਨੂੰ ਤੱਤੀ ਨੂੰ ਸ਼ਰਮ ਆਂਦੀ ਹੈ।" ਤੇ ਬੋਲਣ ਵਾਲੀ ਬੁੱਢੀ ਮਾਈ ਮੇਰੇ ਸਾਹਮਣੇ ਸੀ। ਦੁਖਾਂ ਦੀ ਭਰੀ, ਪਾਟੇ ਕਪੜੇ ਪਾਏ, ਸਰੀਰ ਜ਼ਖ਼ਮਾਂ ਨਾਲ ਵਿੰਨਿਆ ਹੋਇਆ, ਭੁਖ ਨਾਲ ਬੇਵਸ ਹੋਈ ਉਸ ਮਾਈ ਤੋਂ ਮੈਂ ਪੁਛਿਆ, "ਮਾਈ ਤੂੰ ਕੌਣ ਏਂ ?"

ਮੇਰੇ ਤੇ ਟੁਟ ਪਈ, "ਵੇ ਫਾਹੀ ਲਗਣਿਆਂ ਤੂੰ ਵੀ ਮੈਨੂੰ ਨਹੀਂ ਪਛਾਣਦਾ ? ਤੇਰੀ ਕਲਮ ਤੇ ਮੇਰੇ ਜਸ ਗਾਂਦੀ ਥਕਦੀ ਨਹੀਂ ਸੀ ਹੁੰਦੀ। ਵੇ ਮੈਂ ਤੇਰੀ ਮਾਂ ਹਾਂ, ਭਾਰਤ ਮਾਂ।" ਸੁਣ ਕੇ ਮੇਰਾ ਸਿਰ ਨੀਵਾਂ ਹੋ ਗਿਆ ਤੇ ਸਿਰਫ ਕਹਿ ਸਕਿਆ, "ਮਾਂ ਅਜ ਕਲ ਤੈਨੂੰ ਕੋਈ ਨਹੀਂ ਪਛਾਣਦਾ।"

## ਚੁਪ ਦਾ ਸਰਾਪ/ਕੁਮਾਰੀ ਕੁਲਬੀਰ

ਵੱਡਾ ਤਹਿਸੀਲਦਾਰ ਗੁਰਬਖ਼ਸ਼ ਸਿੰਘ ਰੀਟਾਇਰ ਹੋ ਕੇ ਸ਼ਹਿਰੋਂ ਟੱਬਰ ਸਮੇਤ ਪਿੰਡ ਆ ਗਿਆ। ਉਦੋਂ ਉਹਦੀ ਸਭ ਤੋਂ ਛੋਟੀ ਕੁੜੀ ਦੱਸਵੀਂ ਪਾਸ ਕਰ ਚੁੱਕੀ ਸੀ। ਅਗੋਂ ਪੜ੍ਹਨ ਲਈ ਉਸ ਨੂੰ ਪਿੰਡ ਤੋਂ ਪੰਦਰਾਂ ਮੀਲ ਦੂਰ ਇਕ ਕਾਲਿਜ ਵਿਚ ਦਾਖਿਲ ਕੀਤਾ ਗਿਆ। ਉਸ ਰੋਜ ਬੱਸ 'ਤੇ ਆਉਣਾ ਜਾਣਾ ਸ਼ੁਰੂ ਕਰ ਦਿੱਤਾ ਸੀ। ਤਹਿਸੀਲਦਾਰ ਦੇ ਘਰ ਸਾਹਮਣੇ ਜ਼ੈਲਦਾਰ ਦਾ ਵੱਡਾ ਸਾਰਾ ਚੁਬਾਰਾ ਸੀ। ਜ਼ੈਲਦਾਰ ਦਾ ਇੱਕੋ ਇੱਕ ਮੁੰਡਾ ਬੀ. ਏ. ਪਾਸ ਕਰਕੇ ਖੇਤਾਂ 'ਚ ਚੱਕਰ ਕੱਟ ਛੱਡਦਾ ਸੀ। ਮੱਖਣ ਉਹਦਾ ਨਾਂਅ ਸੀ। ਹੈ ਵੀ ਮੱਖਣ ਜਿਹਾ ਹੀ ਸੀ। ਗੋਰਾ ਚਿੱਟਾ ਮੱਖਣ ਵਰਗਾ। ਜਿਦੱਣ ਦਾ ਤਹਿਸੀਲਦਾਰ ਦਾ ਟੱਬਰ ਪਿੰਡ ਆਇਆ ਸੀ ਮੱਖਣ ਨੂੰ ਚਾਅ ਜਿਹਾ ਚੜ੍ਹ ਗਿਆ ਸੀ। ਤਹਿਸੀਲਦਾਰ ਦੀ ਸੱਭ ਤੋਂ ਛੋਟੀ ਕੁੜੀ ਸੀਰੀਂ ਉਹਨੂੰ ਬੜੀ ਪਿਆਰੀ ਲੱਗੀ ਸੀ, ਬੜੀ ਹੀ ਪਿਆਰੀ। ਮੱਖਣ ਦਾ ਜੀਅ ਕਰਦਾ ਉਹ ਹਰ ਵੇਲੇ ਕੁੜੀ ਨੂੰ ਤੱਕੀ ਜਾਵੇ। ਪਤਾ ਨਹੀਂ ਕਿਵੇਂ ਉਸ ਰੋਡਵੇਜ਼ 'ਚ ਕੰਡਕਟਰੀ ਦੀ ਨੌਕਰੀ ਕਰ ਲਈ। ਲੋਕ ਮੂੰਹਾਂ 'ਚ ਉਂਗਲੀਆਂ ਦੇਣ : ਭਲਾ ਇਹਨੂੰ ਕੀ ਲੜ ਸੀ ਏਡੀ ਸਸਤੀ ਜਿਹੀ ਨੌਕਰੀ ਕਰਨ ਦੀ। ਘਰ ਦੇ ਵੀ ਬੜਾ ਖਪੇ। ਪਰ ਉਹ ਰੋਜ਼ ਹੀ ਇੱਕ ਝੋਲਾ ਜਿਹਾ ਹੱਥ 'ਚ ਫੜੀ ਸਵੇਰੇ ਸ਼ਾਮ ਆਉਂਦਾ ਜਾਂਦਾ ਰਿਹਾ। ਜਿਸ ਬੱਸ 'ਚ ਸੀਰੀਂ ਰੋਜ਼ ਆਉਂਦੀ ਜਾਂਦੀ, ਮੱਖਣ ਉਸ ਬੱਸ 'ਚ ਜ਼ਰੂਰ ਟਿਕਟ ਕੱਟ ਰਿਹਾ ਹੁੰਦਾ। ਸ਼ੀਰੀਂ ਨੂੰ ਉਸ ਕਦੀ ਕੁੱਝ ਨਹੀਂ ਕਿਹਾ ਸੀ। ਬਸ ਖ਼ਾਮੋਸ਼ ਨਜ਼ਰਾਂ ਬੜੀ ਹਸਰਤ ਨਾਲ ਉਹਨੂੰ ਬੱਸ ਚੜ੍ਹਦੀ, ਬੱਸ 'ਚ ਬੈਠੀ ਤੇ ਬੱਸ 'ਚੋਂ ਉਤਰਦੀ ਨੂੰ ਤੱਕਦੀਆਂ ਰਹਿੰਦੀਆਂ। ਇੱਕ ਸਾਲ, ਫਿਰ ਦੂਜਾ ਸਾਲ, ਫਿਰ ਤੀਜਾ ਤੇ ਫਿਰ ਚੌਥਾ, ਸੀਰੀਂ ਨੇ ਬੀ.ਏ. ਕਰ ਲਈ। ਚਾਰ ਸਾਲ ਸੀਰੀਂ ਬੱਸ 'ਚ ਆਉਂਦੀ ਜਾਂਦੀ ਰਹੀ। ਚਾਰ ਸਾਲ ਮੱਖਣ ਬੱਸ 'ਚ ਟਿਕਟਾਂ ਕੱਟਦਾ ਰਿਹਾ। ਖ਼ਾਮੋਸ਼ ਨਜ਼ਰਾਂ ਨਾਲ ਸ਼ੀਰੀਂ ਨੂੰ ਬੱਸ ਅਤੇ ਪਿੰਡ 'ਚ ਤੱਕਦਾ ਰਿਹਾ। ਬੀ. ਏ. ਦੇ ਸਲਾਨਾ ਪੇਪਰ ਮੁੱਕੇ; ਕਿ ਸ਼ੀਰੀਂ ਨੂੰ ਕੈਨੇਡਾ ਤੋਂ ਆਇਆ ਇੱਕ ਮੁੰਡਾ ਵਿਆਹ ਕੇ ਲੈ ਗਿਆ। ਮੱਖਣ ਹੁਣ ਸਵੇਰੇ ਸ਼ਾਮੀਂ ਝੋਲਾ ਜਿਹਾ ਲਟਕਾਈ ਆਉਂਦਾ ਜਾਂਦਾ ਨਹੀਂ ਸੀ। ਨੌਕਰੀ ਉਸ ਛੱਡ ਦਿੱਤੀ, ਬਸ ਵਿਹਲਾ ਖੇਤਾਂ 'ਚ ਚੱਕਰ ਲਾ ਛੱਡਦਾ। ਬਸ ਗੁੰਮ-ਸੁੰਮ, ਉਦਾਸ ਉਦਾਸ, ਆਉਂਦੇ ਜਾਂਦੇ ਲੋਕਾਂ ਨੂੰ ਨਿਹਾਰਦਾ ਰਹਿੰਦਾ। ਉਹ ਹੁਣ ਮੱਖਣ ਜਿਹਾ ਮੱਖਣ ਨਹੀਂ ਸੀ ਰਿਹਾ। ਬਾਵਰਾ ਜਿਹਾ ਸਾਰਾ ਦਿਨ ਪਿੰਡ 'ਚ ਘੁੰਮਦਾ ਰਹਿੰਦਾ। ਅਕਸਰ ਪਿੰਡ ਦੇ ਮੁੰਡਿਆਂ ਨੇ ਉਹਨੂੰ ਇਹ ਆਖਦੇ ਸੁਣਿਆ ਸੀ—

ਮੈਂ ਸੁਣਿਆਂ ਸੀ : ਇਸ਼ਕ ਵਿਚ ਮੂਕ ਸ਼ਬਦਾਂ ਦੇ
ਅਰਥ ਡੂੰਘੇ ਨਿਕਲਦੇ ਨੇ, ਤੇ ਦੂਣਾ ਅਸਰ ਕਰਦੇ ਨੇ
ਚਿਰਾਂ ਤੀਕਰ ਰਿਹਾ ਮੈਂ ਅਮਰ ਹੋਣ, ਏਸੇ ਭੁਲੇਖੇ ਦੇ
ਤੇ ਏਸੇ ਭੁਲੇਖੇ ਵਿਚ ਮੈਂ ਆਪਣੀ, ਦੁਨੀਆਂ ਲੁਟਾ ਬੈਠਾ...

ਕੈਨੇਡਾ ਦੇ ਕਵੀ : ਕੇਸਰ ਸਿੰਘ ਨਾਵਲਿਸਟ, ਸਰਵਣ ਬੋਲ, ਕਰਮ ਸਿੰਘ
ਗੁਰਬਚਨ ਸਿੰਘ ਚਿਤਰ, ਗੁਰਮੀਤ ਛੀਨਾਂ, ਦਲਜੀਤ ਤੂਰ

## ਧਰਤੀ ਜਾਗ ਉਠੀ ਹੈ

ਕੇਸਰ ਸਿੰਘ ਨਾਵਲਿਸਟ

ਪੂਰਬ ਵਿੱਚ ਚਾਨਣ ਉਗਿਆ
ਤੰਦਾਂ ਸੁਨਹਿਰੀ
ਕੋਮਲ ਕੋਮਲ ਰੰਗ
ਸੰਤਰਾ ਖਿੜਿਆ
ਟੁੰਭਿਆ ਸੂਰਜ ਦੀਆਂ ਕਿਰਨਾਂ
ਧਰਤੀ ਜਾਗ ਉੱਠੀ
ਉਤਰੀ ਤਾਰੇ ਦਾ ਚਾਨਣ
ਖੁਰਿਆ
ਮੱਧਮ ਹੋਇਆ।
ਅਸਮਾਨੀ ਨੀਲਾਪਣ ਹੈ
ਉਘੜ ਖਲੋਤਾ।
ਸਭ ਤੋਂ ਵੱਡਾ ਹੀਰਾ
ਹੌਲੀ ਹੌਲੀ ਵੱਡਾ ਹੋਇਆ।
ਤੰਦਾਂ ਸੁਨਹਿਰੀ
ਤਰੇਲ ਤੁਪਕੇ ਹਨ ਚੁਗਣ ਲੱਗੀਆਂ
ਧਰਤੀ ਜਾਗ ਉੱਠੀ ਹੈ
ਪੰਛੀ ਜਾਗ ਉੱਠੇ ਹਨ
ਲੋਕੋ! ਜਾਗ ਉੱਠੋ।

## ਤਸਵੀਰਾਂ

ਸਰਵਣ ਬੋਲ

ਵਿਸ਼ਵ-ਵਿਦਿਆਲੇ ਦੀ ਪਰਦਰਸ਼ਨੀ ਵਿੱਚ
ਆਪਣੇ ਵਤਨ ਦੇ ਲੋਕਾਂ ਦੀਆਂ
'ਅਸਲੀ ਲੋਕਾਂ' ਦੀਆਂ ਤਸਵੀਰਾਂ ਵੇਖੀਆਂ
ਇਕ ਇਕ ਤਸਵੀਰ ਪੁੱਠੇ ਥੱਪੜ ਵਾਂਗ
ਮੇਰੇ ਮੂੰਹ ਤੇ ਵੱਜੀ
ਧੌਣੋਂ ਫੜ ਝੰਜੋੜ ਜਗਾਇਆ ਮੈਨੂੰ ਨੀਂਦੋਂ
ਸਿਖਰ ਦੁਪਹਿਰੇ ਜੋ ਮੈਂ ਆਪਣੇ ਉਤੇ
ਜਾਣ ਬੁੱਝਕੇ ਓੜ ਲਈ ਸੀ।
ਵੇਖਕੇ ਤਸਵੀਰਾਂ ਵਿੱਚ ਝੌਂਪੜੀਆਂ ਤੇ ਸੁੱਕੇ ਪਿੰਜਰ:
ਪਗਡੰਡੀਆਂ ਤੇ ਵਿਲਕ ਰਹੀ ਸਾਡੀ ਅਸਲੀ ਸੱਭਿਅਤਾ
ਮੈਨੂੰ ਫਿਰ ਆਪਣਾ ਬਚਪਨ ਯਾਦ ਆਇਆ।
ਮਿੱਟੀ ਦੀਆਂ ਕੰਧਾਂ ਤੇ ਕਾਹੀ ਦੀ ਛੱਤ ਵਾਲਾ ਮੇਰਾ ਕਮਰਾ
ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਾ
ਬੇਨੀਂਦੀਆਂ ਬੇਚੈਨ ਰਾਤਾਂ ਨੂੰ
ਧੂੰਏਂ ਨਾਲ ਕਾਲੇ ਵਿੰਗ-ਤੜਿੰਗੇ ਬਾਲੇ ਗਿਣਨਾ—
ਬਾਲਿਆਂ ਵਿੱਚ ਰੁੱਝੇ ਹੋਏ ਘੁਣ ਦੀ ਆਵਾਜ਼ ਦਾ
ਮੇਰੇ ਭੁੱਖੇ ਪੇਟ ਦੀ ਆਵਾਜ਼ ਨਾਲ ਮਿਲ ਜਾਣਾ—
ਮੇਰੀ ਭੁੱਖ ਦਾ ਹੋਰ ਵੀ ਤੇਜ਼ ਹੋ ਜਾਣਾ
ਪੀੜਿਆਂ-ਦੱਬੀ ਬੇਅੰਤ ਸਵਾਲਾਂ ਦਾ ਦਿਮਾਗ਼ ਵਿੱਚ ਵਿਚਰਨਾ—
ਸਭ ਯਾਦ ਆਇਆ।
ਉਹ ਸਵਾਲ ਅੱਜ ਵੀ ਮੇਰੇ ਮਸਤਕ ਤੇ ਭਾਰੂ ਹਨ:
    ਮੇਰੀ ਹੋਂਦ ਦਾ ਮਕਸਦ ਕੀ ਹੈ?
    ਪਗਡੰਡੀਆਂ ਤੇ ਵਿਲਕਦੀਆਂ 'ਜਿਉਂਦੀਆਂ ਲੋਥਾਂ' ਕਿਉਂ?
    ਚੁਬਾਰਿਆਂ ਵਿੱਚ ਸਭ-ਕੁਝ ਮਾਣਦੀਆਂ ਡਾਕੂ-ਅੱਖਾਂ ਕਿਉਂ?
ਇਹ ਸਵਾਲ ਮਨ ਦੇ ਹਨ, ਤਨ ਦੇ ਜਾਂ ਧਨ ਦੇ
... ... ... ... ... ... ...
ਪਾੜ ਦੇਵੇਂ ਇਹ ਤਸਵੀਰਾਂ
... ... ... ...
ਨਹੀਂ ...
ਤਸਵੀਰਾਂ ਪਾੜ ਦੇਣ ਨਾਲ ਕੀ ਮਿਟ ਜਾਵੇਗਾ
ਮੇਰੇ ਮੱਥੇ ਤੇ ਲੱਗਿਆ
ਭਾਰਤ ਦੀ 'ਅਸਲੀ-ਸੱਭਿਅਤਾ' ਦਾ ਟਿੱਕਾ?

## ਪੈਗੰਬਰ
ਰਾਮ ਸਿੰਘ

ਅਸੀਂ ਪੰਡਿਤ ਹਾਂ, ਆਲਮ ਹਾਂ;
ਕੀ ਹੋਇਆ ਜੇ ਕਦੀ ਪੋਥੀ ਨਹੀਂ ਵਾਚੀ;
ਅਸੀਂ ਪੈਗੰਬਰ ਹਾਂ ਅਮਲਾਂ ਤੋਂ ਸੱਖਣੇ
ਕਾਮਿਆਂ ਦੀ ਰਹਿਬਰੀ ਦੀ ਡੋਰ ਸਾਡੇ ਹੱਥ ਹੈ।
ਜੀ ਚਾਹੇ ਤਾਂ ਕੱਲ ਨੂੰ ਹੀ ਸੰਘਰਸ਼ ਛੇੜ ਦੇਈਏ
ਲੋਕ-ਪਲਟੇ ਲਈ ਹੁਣ ਲੋਕਾਂ ਦੀ ਲੋੜ ਨਹੀਂ ਰਹਿ ਗਈ।
ਬੜਾ ਔਖਾ ਹੈ ਅਨਪੜ੍ਹ ਮਜ਼ਦੂਰਾਂ ਨਾਲ ਮੱਥਾ ਮਾਰਨਾ
ਕਿਸਾਨੀ ਘੋਲ ਦਾ ਰਾਹ ਬੜਾ ਸਿੱਧਾ ਹੈ
ਜਿਸ ਲਈ ਕਿਸਾਨਾਂ ਨੂੰ ਵੀ ਕੁਝ ਕਰਨ ਦੀ ਲੋੜ ਨਹੀਂ ਪੈਂਦੀ
ਕੁਝ ਪੜ੍ਹੇ ਲਿਖੇ ਨੌਜਵਾਨ ਹੀ ਕਾਫ਼ੀ ਹਨ।
ਇਸ ਲਈ ਤਾਂ ਇਹ ਵੀ ਜ਼ਰੂਰੀ ਨਹੀਂ, ਅਸੀਂ ਉਥੇ ਹੀ ਹੋਈਏ
ਇਹ ਕੰਮ ਤਾਂ ਪਰਦੇਸ ਬਹਿਕੇ ਵੀ ਹੋ ਸਕਦਾ ਹੈ।
ਸਾਡੇ ਕੋਲ ਵਕਤ ਕਿੱਥੇ ਗਰੰਥਾਂ ਨੂੰ ਵਾਚਣ ਦਾ
ਇਕ ਨਿੱਕਾ ਜਿਹਾ ਗੁਟਕਾ ਹੀ ਕਾਫ਼ੀ ਹੈ
ਹਰ ਕਿਸੇ ਨੂੰ ਫਤਵਾ ਦੇਣ ਲਈ
ਹਰ ਵਕਤ ਸਾਡੀ ਜੇਬ ਅੰਦਰ ਹੈ।
ਫਤਵਾ ਦੇਣ ਵੇਲੇ ਜ਼ਰੂਰੀ ਨਹੀਂ ਕਿ ਜੁਰਮ ਵੇਖੇ ਜਾਣ
ਉਸ ਲਈ ਸਾਡੇ ਅੱਲਾ-ਤਾਅਲਾ ਦਾ ਹੁਕਮ ਹੁੰਦਾ ਹੈ
ਅਸੀਂ ਝੂਠ ਨਹੀਂ ਕਹਿੰਦੇ, ਸਾਡੇ ਅਮਲ ਦਸਦੇ ਨੇ
ਬੰਗਲਾ ਦੇਸ਼ ਦੇ ਕਤਲਾਮ ਵੇਲੇ, ਸਾਡੇ ਮੂੰਹ ਤੇ ਕਿਵੇਂ ਸਨ ਤਾਲੀਆਂ ?
ਦਿੱਲੀ ਦੇ ਕਾਤਲਾਂ ਨੂੰ ਸਭ ਤੋਂ ਪਹਿਲਾਂ ਸਨਮਾਨ ਸਾਡਾ ਬਖ਼ਸ਼ਣਾ;
ਪੁਰਤਗਾਲ ਦੀ ਇਨਕਲਾਬੀ ਸਰਕਾਰ ਸਾਨੂੰ ਉੱਕਾ ਨਹੀਂ ਭਾਉਂਦੀ;
ਫੁਰਮਾਨ ਅੱਲਾਹੀ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ?
ਲੋਕਾਂ ਦੇ ਕਲਿਆਣਕਾਰੀ ਸਾਡੇ ਦੁਸ਼ਮਣ ਨੇ ਨੰਬਰ ਇੱਕ ਦੇ,
ਹਰ ਤਰੱਕੀ ਪਸੰਦ ਨੰਬਰ ਦੋ ਦਾ ਦੁਸ਼ਮਣ ਹੈ,
ਲੋਕਾਂ ਦੇ ਕਾਤਲਾਂ ਨਾਲ ਪਿਆਰ ਸਾਡਾ ਰੱਜ ਕੇ।

## ਜਾਗਿਆ ਵੇ
ਗੁਰਚਰਨ ਸਿੰਘ ਚਿੱਤਰ

ਜਾਗਿਆ ਵੇ! ਜੀਣ ਜੋਗਿਆ
ਸੁਣ ਤੱਤੜੀ ਦੀਆਂ ਆਹੀਂ ਵੇ
ਕੋਮਲ ਜਿੰਦਾਂ ਕਲਵਲ ਹੋਈਆਂ
ਵੰਗਾਂ ਵਿਲਕਣ ਬਾਹੀਂ ਵੇ।

ਕੌਣ ਕਿਸੇ ਦੀਆਂ ਕੂਕਾਂ ਸੁਣਦਾ
ਲੁੱਟ ਗਏ ਚਾਰ ਵਪਾਰੀ ਵੇ
ਦੇਕੇ ਲਾਰਾ ਵਸਲ-ਹਕੀਕੀ
ਘਿਉਂ ਲਾਈ ਆਰੀ ਵੇ।

ਹੰਝੂ, ਹੌਕੇ, ਹਾਵੇ, ਪੀੜਾਂ
ਜ਼ਿੰਦ ਦਾ ਜੀ ਪਰਚਾਵੇ ਵੇ
ਜਦ ਵੀ ਤੇਰਾ ਚੇਤਾ ਆਉਂਦਾ
ਨੈਣੋਂ ਨਿਕਲੇ ਜਾਂਦਾ ਹੈ।

ਅਕਲੋਂ ਭੁੱਖੀ ਪਿਆਰ-ਵਿਹੂਣੀ
ਜਾਣ ਤੇਰੀ ਤੜਫਾਵੇ ਵੇ
ਹੈ ਦਰਦੀ ਜੋ ਪੀੜ ਮੇਰੀ ਨੂੰ
ਨਾ ਤੀਕਾਂ ਪੀ ਜਾਵੇ ਵੇ।

ਕੂਲ ਰੂਪ ਦਾ ਖਾ ਪਲੇਤਣ
ਸੁੱਕ ਗਈਆਂ ਅਸੀਂ ਵੇਲਾਂ ਵੇ
ਪੀੜ ਹਿਜ਼ਰ ਦੀ ਜਰੀ ਨਾ ਜਾਵੇ
ਕਿਧਰ ਨੂੰ ਰੁਖ ਡੋਲਾਂ ਵੇ।

ਤੇਰੇ ਰਾਹੀਂ ਤੁਰ ਤੁਰ ਚੰਨਾਂ
ਪੈਰ ਸੋਜ ਦੇ ਪਾਟੇ ਵੇ
ਪ੍ਰੀਤ, ਗੀਤ ਦੀ ਸਾਰ ਨਾ ਜਾਣੇ
ਛੱਡ ਨ ਜਾਵੀਂ ਅਧਵਾਟੇ ਵੇ।

new address:

**WATNO DŪR**

**14768 HALSTEAD PLACE**

**SURREY, B.C. , V3R 6S5**

ਅੱਖਰ ਦੀ ਅੱਖ

ਮਿਨੀ ਸਥਾਈ ਕਾਲਮ

## ਅੱਗ — ਰਣਜੀਤ ਸਿੱਧੂ

ਝੁੱਗੀਆਂ ਵਾਲਿਆਂ ਨੇ ਸਲਾਹ ਬਣਾਈ ਕਿ ਮਹੱਲ ਸਾੜ ਦਿੱਤੇ ਜਾਣ।
ਇਕ ਦਿਨ ਉਨ੍ਹਾਂ ਨੇ ਇਕ ਮਹੱਲ ਨੂੰ ਅੱਗ ਲਾ ਦਿੱਤੀ
ਜਲ ਰਹੇ ਮਹੱਲ ਦੁਆਲੇ "ਲਾ'ਤੀ ਬਈ ਲਾ'ਤੀ, ਲਾ'ਤੀ ਬਈ ਲਾ'ਤੀ" ਕਰਦੇ ਇਸ ਤਰ੍ਹਾਂ ਭੰਗੜਾ ਪਾਉਣ ਲੱਗੇ ਜਿਵੇਂ ਦੁਨੀਆਂ ਜਿੱਤ ਲਈ ਹੋਵੇ।
ਦੂਰ ਬੈਠੇ ਮਹੱਲਾਂ ਵਾਲਿਆਂ ਦੀਆਂ ਅੱਖਾਂ ਵਿੱਚ ਨਵੀਂ ਸੋਚੀ ਤਰਕੀਬ ਨਾਲ ਆਈ ਚਮਕ ਮਹੱਲ ਦੀ ਅੱਗ ਨਾਲੋਂ ਕਈ ਗੁਣਾਂ ਭਿਆਨਕ ਸੀ।

## 'ਲੋਕ-ਸੇਵਕ' — ਰਣਜੀਤ ਸਿੱਧੂ

ਦੁਨੀਆਂ ਵਿੱਚ ਅੱਜ ਤੱਕ ਕਦੇ ਵੀ 'ਲੋਕ-ਸੇਵਕਾਂ' ਦੀ ਘਾਟ ਨਹੀਂ ਆਈ।
'ਲੋਕ ਸੇਵਕਾਂ' ਨੇ ਪ੍ਰਬੰਧ ਕੀਤਾ। ਜਲਸਾ ਹੋਇਆ।
'ਮਜ਼ਦੂਰਾਂ ਦੇ ਹੱਕ ਤੇ ਉਨ੍ਹਾਂ ਦੀ ਰਾਖੀ' ਵਿਸ਼ੇ ਤੇ ਲੈਕਚਰਾਰ ਬਾਹਾਂ ਉਲਾਰ ਉਲਾਰ ਕੇ ਇਸ ਅੰਦਾਜ਼ ਵਿੱਚ ਬੋਲ ਰਿਹਾ ਸੀ ਕਿ ਸਰੋਤਿਆਂ ਵਿਚ ਬੈਠੇ ਦੇ ਮੇਰੀਆਂ ਅੱਖਾਂ ਵਿੱਚ ਖ਼ੂਨ ਉਤਰ ਆਇਆ। ਡੌਲੇ ਫਰਕਣ ਲੱਗੇ। ਪਾਸੋਂ ਲੰਘ ਰਹੇ ਇਕ 'ਲੋਕ-ਸੇਵਕ' ਤੋਂ ਮੈਂ ਪੁੱਛਿਆ ਕਿ ਇਹ ਆਦਮੀ ਕੰਮ ਕੀ ਕਰਦਾ ਹੈ। ਉਸਨੇ ਦੱਸਿਆ, "ਸਾਥੀ ਜੀ ਕੰਮ ਤਾਂ ਕੋਈ ਨਹੀਂ ਕਰਦੇ ਸਿਰਫ਼ ਲੈਕਚਰ ਹੀ ਦਿੰਦੇ ਹਨ। ਉਸ ਤਰ੍ਹਾਂ ਬੇਰੁਜ਼ਗਾਰੀ ਭੱਤਾ ਪਿਛਲੇ ਛੇ ਮਹੀਨੇ ਤੋਂ ਲੈ ਰਹੇ ਹਨ।"

---

## ਅਧੂਰਾ ਖ਼ਤ

ਗੁਰਮੀਤ ਛੀਨਾਂ

ਬਹੁਤ ਚਿਰ ਹੋਇਆ
ਤੂੰ ਮੈਨੂੰ ਕੋਈ ਖ਼ਤ ਨਹੀਂ ਲਿਖਿਆ
ਮੇਰਾ ਜੀ ਕਰਦਾ
ਹਰ ਰੋਜ਼ ਤੈਨੂੰ ਖ਼ਤ ਲਿਖਾਂ
ਪਰ ਕੀ ਕਰਾਂ
ਪਿਆਰ ਦੇ ਕਾਤਲਾਂ ਨੂੰ
ਤੂੰ ਰਤਾ ਨਹੀਂ ਜਾਣਦਾ
ਤੇਰੇ ਨਾਂ ਅੱਜ ਹੀ ਮੈਂ ਚਾਰ ਸਤਰਾਂ ਲਿਖ ਦਿਆਂ
ਸ਼ਾਇਦ ਤੈਨੂੰ ਮਿਲਣ ਮੇਰੀ ਮੌਤ ਦੇ ਬਾਅਦ

ਮੇਰੇ ਸਿਰ ਤੇ ਹਰ ਸਮੇਂ
ਰਸਮਾਂ-ਰਿਵਾਜਾਂ ਦੇ ਸਾਏ
ਜੋ ਮੈਨੂੰ ਮੇਚ ਨਾ ਆਏ

ਪਰ ਮੇਰਾ ਜੀ ਕਰਦਾ
ਤੈਨੂੰ ਲਿਖੀ... ਲਿਖੀ ਜਾਵਾਂ
ਦੁਨੀਆਂ ਦਾ ਕੀ ਏ?
ਮੈਂ ਤੈਨੂੰ ਪਿਆਰ ਕਰਾਂ ਜੋਬਨ ਖਿੜਦਾ ਜਾਏ
ਦੁਨੀਆਂ ਨੂੰ ਕੀ ਆਖਾਂ ਜਿਹੜੀ
ਫੁੱਲ ਵੀ ਸੁੱਕਣੇ ਪਾਏ!

## ਗ਼ਜ਼ਲ

ਦਲਜੀਤ ਤੂਰ

ਇਹ ਮੇਰਾ ਹੀ ਦਮ ਹੈ
ਕਿ ਦੋਸਤੀ ਨਿਭਾਈ ਜਾਨੈਂ
(ਪਰ) ਤੂੰ ਤਾਂ ਮੇਰੇ ਦੋਸਤਾ
ਅੱਗ ਪਾਣੀਆਂ ਨੂੰ ਲਾਈ ਜਾਨੈਂ!
ਵਿਸ਼ਵਾਸਾਂ ਦਾ ਦੋਸਤੀ ਦੇ
ਸਾਹਾਂ ਦਾ ਜੋ ਹੈ ਚਿਰਾਗ
ਕਦੀ ਜਗਾਉਂਦਾ ਹੈਂ ਪਿਆ
ਆਪੇ ਕਦੇ ਬੁਝਾਈ ਜਾਨੈਂ।
ਕੋਈ ਮਰਿਆ ਸਮਝੇ ਮੈਨੂੰ
ਕੋਈ ਜਿਊਂਦਾ ਸਮਝਦਾ
ਜ਼ਿੰਦਗੀ ਤੇ ਮੌਤ 'ਕੱਠੀ
ਜੂਨ ਮੈਂ ਹੰਢਾਈ ਜਾਨੈਂ।
ਕਦੇ ਤਾਂ ਅੰਮ੍ਰਿਤ ਬਣੇਗਾ
ਤੇਰੇ ਗ਼ਮ ਦਾ ਜ਼ਹਿਰ ਇਹ
ਗ਼ਮ ਹੰਢਾਈ ਜਾਨੈਂ ਤਾਹੀਓਂ
ਜ਼ਹਿਰ ਤਾਹੀਂ ਖਾਈ ਜਾਨੈਂ।
ਰੋ ਰੋ ਕੇ ਇਹ ਜ਼ਿੰਦਗੀ
ਕੱਟ ਹੋਈ ਨਹੀਂ ਹੈ
ਏਸੇ ਖ਼ਾਤਰ ਦੁਖਾਂ ਅੱਗੇ
ਹੱਸੀ ਤੇ ਮੁਸਕਾਈ ਜਾਨੈਂ।

# ਸੰਮਾਂ ਵਾਲੀ ਡਾਂਗ

ਜਗਜੀਤ

.........ਤੂੰ ਵੀ ਤੰਗ ਕਰ ਮਾਰਿਆ ।

ਹਰ ਵਾਰ ਇਹੋ ਰਟ ਪਿੰਡ ਬਾਰੇ ਲਿਖ ਪਿੰਡ ਬਾਰੇ ਲਿਖ । ਮੈਂ ਕੱਲ੍ਹ ਹੀ ਪਿੰਡੋਂ ਆਇਆਂ । ਅਜੇ ਤਕ ਤਾਂ ਉੱਥੇ ਹੀ ਖੜ੍ਹਾ ਢਾਬ ਦੇ ਕੰਢੇ ਤੇ । ਤੰਨਣ ਮਜ਼ਬੀ ਐ ਨਾ ਜੀਹਦਾ ਘਰ ਸਿਵਿਆਂ ਤੋਂ ਪਰ੍ਹੇ ਐ ਤੂੰ ਗੱਲ ਮੁਕਾ ਉਹ ਪੰਜਾਂ ਸਾਲਾਂ ਤੋਂ ਈ ਸੁੱਚਾ ਸਿਉਂ ਨਾਲ ਸੀਰੀ ਹੈ । ਬੜਾ ਪਰੇਮ ਐ ਦੋਵਾਂ ਦਾ । ਪਰਸੋਂ ਉਹਦੀ ਕੁੜੀ ਕੰਤੋ । ਕੰਤੋ ਤਾਂ ਤੂੰ ਸ਼ਾਇਦ ਨਹੀਂ ਦੇਖੀ ਹੋਣੀ, ਦੇਖੀ ਵੀ ਹੋਈ ਤਾਂ ਖ਼ਿਆਲ ਨੀ ਹੋਣਾ । ਜਦ ਤੂੰ ਇੰਗਲੈਂਡ ਗਿਆ ਸੀ ਨਿੱਕੀ ਜਿਹੀ ਹੋਵੇਗੀ । ਸੀਂਢ ਨਾਲ ਨੱਕ ਲਿਬੜਿਆ ਤੇ ਤੇੜ ਪਾਟੀ ਜੀ ਕੱਛ । ਤੇਰੇ ਗਏ ਗਏ ਮੁਟਿਆਰ ਹੋ ਗਈ । ਕੁੜੀਆਂ ਤੇ ਗੰਦਲਾਂ ਨੂੰ ਵਧਦਿਆਂ ਕਿਹੜਾ ਦੇਰ ਲੱਗਦੀ ਐ । ਸੁਨੱਖੀ ਬੜੀ ਨਿਕਲੀ । ਮੋਟੀਆਂ ਮੋਟੀਆਂ ਗੋਲ ਮਟੋਲ ਅੱਖਾਂ ਕੀ ਪੁਛਦੈਂ ? ਸਾਂਵਲਾ ਰੰਗ । ਸਾਂਵਲੇ ਰੰਗ ਦਾ ਭੀ ਆਪਣਾ ਨਿਖਾਰ ਹੁੰਦਾ ਏ । ਮੈਂ ਭੀ ਕੀ ਅਜੀਬ ਬੰਦਾ ? ਕੀ ਗੱਲ ਸੀ ਤੇ ਕੀ ਲੈ ਬੈਠਾ ।

ਉਹ ਭੀ ਸਰਦਾਰ ਦੇ ਘਰ ਈ ਗੋਹਾ ਕੂੜਾ ਕਰਨ ਲਾ ਛੱਡੀ ਐ ਤੰਨਣ ਨੇ । ਮਾਂ ਤਾਂ ਉਹਦੀ ਪਹਿਲਾਂ ਈ ਪੂਰੀ ਹੋ ਗਈ ਸੀ ਤੇ ਭਰਾ ਵਲੋਂ ਰੱਬ ਦੀ ਕਰੋਪੀ ਈ ਸੀ । ਖ਼ੈਰ, ਉਹ ਗੋਹਾ ਕੂੜਾ ਕਰਨ ਗਈ । ਸਰਦਾਰ ਨੇ ਸ਼ਾਇਦ ਤੈਨੂੰ ਨੀ ਪਤਾ ਹੋਣਾ, ਅੱਜ ਕੱਲ੍ਹ ਫ਼ੀਮ ਦੀ ਬਲੈਕ ਵੀ ਸ਼ੁਰੂ ਕਰ ਦਿੱਤੀ ਹੈ । ਡੋਡਿਆਂ ਦੇ ਬੋਰੇ ਆ ਜਾਂਦੇ ਐਂ ਜਿਵੇਂ ਸਟੋਰ ਵਿਚ ਰੇਹ ਦੀਆਂ ਬੋਰੀਆਂ । ਪੈਸਾ ਤਾਂ ਸੁਖ ਨਾਲ ਤੈਨੂੰ ਪਤਾ ਪਹਿਲਾਂ ਈ ਕਿਹੜਾ ਘੱਟ ਐ । ਇਕ ਸੌ ਬਾਹਟ ਕਿੱਲੇ ਤਾਂ ਤੇਰੇ ਹੁੰਦੇ ਈ ਸੀ । ਤੇ ਗਏ ਗਏ ਗਏ ਰੌਵੀ ਕਿੱਲੇ ਥੇ ਤੇ ਸਤਾਰਾਂ ਕਿੱਲੇ ਗਹਿਣੇ ਹੋਰ ਲੈ ਲਏ । ਤਿੰਨ ਉੱਤੇ ਦੋ ਸੌ । ਸਾਲੇ ਕਹਿ ਲੈਣੇ ਐਂ, ਜੇ ਗਿਣਨ ਲਗੀਏ ਤਾਂ ਉਂਗਲਾਂ ਦੁਖਣ ਲੱਗ ਜਾਂਦੀਆਂ ਹਨ । ਬਸ ਇੰਨੇ ਕੁ ਕਿੱਲੇ ਆਪਣੇ ਸਾਰੇ ਪਿੰਡ ਕੋਲ ਹੋਣੇ ਐਂ । ਤੇ ਐਨੇ ਕਿੱਲਿਆਂ ਦੀ ਕਣਕ, ਸੁਖ ਨਾਲ ਪਿੜਾਂ ਦੀ ਰੁੱਤ ਰੋਜ਼ ਟਰਾਲੀਆਂ ਭੇਜਦੇ ਐ ਸ਼ਹਿਰ ਨੂੰ, ਜਿਹੜੀ ਬਚ ਜਾਂਦੀ ਹੈ ਤੇਰੇ ਮੇਰੇ ਵਰਗੇ ਗ਼ਰੀਬ ਗੁਰਬੇ ਦਾ ਕੰਮ ਸਾਰ ਦਿੰਦੇ ਐ । ਵਾਹਿਗੁਰੂ ਝੂਠ ਨਾ ਬੁਲਾਵੇ ਕਮਾਈ ਬੜੀ ਕਰਦੇ ਐ ਤੇ ਹੈ ਭੀ ਸਾਰੇ ਭਲੇ ਮਾਣਸ ।

ਪਿਛਲੇ ਸਾਲ ਆਪਣੇ ਦਾਣੇ ਮੁਕ ਗਏ ਸੀ । ਪੰਜ ਮਣ ਮੱਕੀ ਸਾਰਾ ਸਿਆਲ ਲੈ ਲੈ ਖਾਧੀ । ਤੇ ਬਾਪੂ ਨੇ ਗੁਰੂ ਤੇਰਾ ਭਲਾ ਕਰੇ ਦਸ ਮਣ ਕਣਕ ਪਿੜਾਂ ਵਿਚੋਂ ਹੀ ਉਹਦੇ ਘਰ ਭੇਜ ਦਿੱਤੀ । ਸਾਧੂ 'ਖੱਚਰ' ਦਾ ਬਲਦ ਮਰ ਗਿਆ ਪਿਛਲੇ ਅੱਸੂ ਵਿਚ । ਹਲ ਜੋੜਨ ਬਿਨਾਂ ਬੈਠਾ । ਉੱਤੋਂ ਕੱਤਾ ਭੱਜਾ ਆਵੇ । ਸੁੱਚਾ ਸਿਉਂ ਨੇ ਝਟ ਪੰਜ ਸੌ ਰੁਪਈਆ ਦਿੱਤਾ ਤੇ 'ਖੱਚਰ' ਜਗਰਾਵਾਂ ਦੀ ਮੰਡੀ ਤੋਂ ਬਲਦ ਲੈ ਆਇਆ ਤੇ 'ਖੱਚਰ' ਨੇ ਸਾਰੀ ਮੱਕੀ ਵੇਚ ਕੇ ਸਣੇ ਵਿਆਜ ਛੀ ਸੌ ਸੱਠ ਰੁਪਈਏ ਮੋੜ ਦਿੱਤੇ । ਗੁਰਦਿੱਤਾ ਗੜਬੜ ਐ ਨਾ ਉਹਦੀ ਧੀ ਦਾ ਵਿਆਹ ਸੀ, ਪੰਜ ਵਰ੍ਹੇ ਹੋ ਗਏ ਸੀ ਦਰੋਂ ਨਹੀਂ ਸੀ ਉਠਾ ਸਕਿਆ । ਤੈਨੂੰ ਕੀ ਭੁਲਿਆ ਢਾਈ ਕਿੱਲੇ ਤਾਂ ਹੇਠੋਂ ਉੱਤੋਂ ਸਾਰੀ ਪੈਲੀ ਐ । ਤੇ ਉਹਦੇ ਚੌਂ ਕੀ ਗੰਜੀ ਨਹਾਵੇ ਤੇ ਕੀ ਨਚੋੜ ਲੇ । ਬਸ ਡੂਢੀਆਂ ਸਵਾਈਆਂ 'ਚ ਈ ਲਏ ਦਾਣੇ ਪੂਰੇ ਹੋ ਜਾਂਦੇ ਐਂ । ਪਟਵਾਰੀ ਤੇ ਨੰਬਰਦਾਰ ਅੱਡ ਬੜ੍ਹਕਾਂ ਮਾਰਦੇ ਐ । ਪਟਵਾਰੀ ਤਾਂ ਤੈਨੂੰ ਪਤਾ ਸਰਕਾਰੂ......ਛੱਡੇ ਐ । ਜ਼ਿਥੋਂ ਚਾਹੁਣ ਛਲੀਆਂ ਤੋੜਨ ਜਿਥੋਂ ਚਾਹੁਣ ਚਰ੍ਹੀ ਵੱਢਣ । ਤੇ ਵਿਆਹ ਤੇ ਤੈਨੂੰ ਪਤਾ ਅੱਜ ਕੱਲ੍ਹ ਦੇ ਜ਼ਮਾਨੇ ਵਿਚ ਘੱਟ ਤੋਂ ਘੱਟ ਭੀ ਕਰੋ ਤਾਂ ਚਾਰ ਪੰਜ ਹਜ਼ਾਰ ਗੱਲ ਈ ਕੁਝ ਨੀ । ਚਾਰ ਟੂੰਮਾਂ ਭੀ ਪਾਉਣੀਆਂ ਹੋਈਆਂ. ਇਕ ਅੱਧ ਸਾਈਕਲ, ਘੜੀ ਭੀ ਦੇਣੀ ਹੋਈ । ਭਾਂਡਾ ਟੀਂਡਾ ਤੇ ਪੁਸ਼ਾਕਾਂ ਭੂਰੇ ਵੱਖਰੇ ਪਏ ਨੇ । ਤੇ ਬਾਕੀ ਸੁਖ ਨਾਲ ਚਾਲੀ ਪੰਜਾਹ ਜਾਂਜੀ ਤਾਂ ਐਵੇਂ ਹੀ ਹੋ ਜਾਂਦੇ ਹਨ । ਤੇਰੇ ਮੁਲਕ ਦੀ ਗੱਲ ਹੋਰ ਐ । ਐਥੇ ਤਾਂ ਕਹਿੰਦੇ ਕਚਿਹਰੀ ਵਿਚ ਹੀ ਵਿਆਹ ਕਰ ਲੈਂਦੇ ਹਨ । ਹਾਰ ਪਾਏ ਤੇ ਹਾਂ ਹੂੰ ਕਰਦੇ ਘਰ ਆ ਗਏ । ਚੱਲ ਮਾਰ ਗੋਲੀ ਇੰਨ੍ਹਾਂ ਗੱਲਾਂ ਦੇ, ਐਤਕੀਂ ਹਾੜ ਦੀ

ਸੰਗਰਾਂਦ ਨੂੰ ਉਹਨੇ ਆਪਣੀ ਧੀ ਦੇ ਹੱਥ ਪੀਲੇ ਕਰਤੇ। ਸਰਦਾਰ ਦੀ ਮੇਹਰ-ਬਾਨੀ ਐ। ਸਵੇਰੇ ਉੱਠ ਕੇ ਨਾਮ ਲੈਣ ਵਾਲਾ ਐ। ਡੇਢ ਕਿੱਲਾ 'ਗੜਬੜ' ਠੇ ਸੁੱਚਾ ਸਿਉਂ ਕੋਲ ਗਹਿਣੇ ਧਰ ਦਿੱਤਾ ਐ। ਪੰਜ ਹਜ਼ਾਰ 'ਚ ਤੇ ਵਾਹੀ ਛੱਡ ਦਿੱਤੀ ਐ। ਜਦ ਪਰੋਖੋਂ ਹੋਈ ਤਾਂ ਛੁਡਾ ਲਏਗਾ। ਫਿਰ ਕੇਹੜਾ ਖੇਤੀ ਨਾ ਹੋਊ। ਧੀ ਦਾ ਧਨ ਵੀ ਤਾਂ ਘਰੇ ਨਹੀਂ ਰੱਖਿਆ ਜਾਂਦਾ। ਊਂ ਹੁੰਦੇ ਤਾਂ ਸਾਲੇ ਸਭ ਅੰਨ ਜਲ ਦੇ ਖੇਡ। ਪਰ ਕਿਸੇ ਹਥੋਂ ਜਸ ਲਿਖਿਆ ਹੁੰਦਾ। ਉਹ ਖੱਟ ਲੈਂਦਾ। ਸਰਦਾਰ ਦੇ ਕੋਈ ਚੰਗੇ ਕਰਮ ਕੀਤੇ ਆ ਪਿਛਲੇ ਜਨਮਾਂ ਦੇ।

ਹੋਰ ਸੱਚ ਕਹੋਤ ਐ ਨਾ ਬਈ ਜੱਟ ਤੇ ਚੂਹੜਾ ਗੁਣ ਨੀ ਪਾਉਂਦੇ ਹੁੰਦੇ ਪਿਛਲੇ ਸਾਲ ਕਾਮਰੇਟ ਐ ਨਾ 'ਜਸਵੰਤ ਸਿਉਂ'। ਮੇਰੇ ਤਾਂ ਉਹਦਾ ਨਾਂ ਈ ਜਬਾਨ ਤੇ ਨਹੀਂ ਚੜ੍ਹਦਾ। ਤੇਰੇ ਘਰ ਵੱਲ ਹੈ ਉਹਦਾ ਘਰ। ਉਹ ਸਰਦਾਰ ਨੂੰ ਬਹੁਤ ਨਿੰਦਦਾ ਸੀ। ਕਹਿੰਦਾ ਏਹ ਤਾਂ ਪਿੰਡ ਦੇ ਪਿੰਡੇ ਤੇ ਜੋਕ ਲੱਗੀ ਹੋਈ ਐ ਸਰਦਾਰ ਤੋਂ ਵਿਆਜੂ ਲੈਂਦੇ ਆਏ ਐ ਤੇ ਇਸ ਵੱਡੇ ਕਾਮਰੇਟ ਦੀ ਪੜ੍ਹਾਈ ਤੇ ਭੀ ਇਸ ਤੋਂ ਈ ਲੈ ਲੈ ਖਾਧਾ। ਹੁਣ ਜੇ ਗੌਰਮਿੰਟ ਨੇ ਕਿਤੇ ਨੌਕਰੀ ਨੀ ਦਿੱਤੀ ਤਾਂ ਗੁੱਸਾ ਸਰਦਾਰ ਤੇ ਲਾਹੁੰਦਾ। ਫੇਰ ਕੀ ਲੋਕਾਂ ਨੇ ਤਾਂ ਉਹਦੀ ਗੱਲ ਸੁਣੀ ਜਾ ਨਾ ਸੁਣੀ ਸਰਦਾਰ ਨੇ ਜ਼ਰੂਰ ਸੁਣ ਲੀ। ਉਹਦਾ ਛੋਟਾ ਭਰਾ ਐ ਕਾਲਜ ਵਿਚ ਪੜ੍ਹਦਾ। ਪੁਲਸ ਫੜ ਕੇ ਲੈ ਗਈ।

ਸਰਦਾਰ ਦੀ ਤੈਨੂੰ ਪਤਾ ਸਰਕਾਰੇ ਦਰਬਾਰੇ ਪੂਰੀ ਪਹੁੰਚ ਐ, ਪਟੜੀ-ਫੇਰ ਪਿੰਡਾਂ 'ਚ ਜੱਟ ਦੀ ਪੂਰੀ ਧਾਕ ਜੰਮੀ ਐ। ਕੋਈ ਨਵਾਂ ਠਾਣੇਦਾਰ ਆਵੇ ਜਾਂ ਹਸਪਤਾਲ ਦਾ ਡਾਕਟਰ ਪਹਿਲਾਂ ਸਰਦਾਰ ਦੇ ਪੈਰੀਂ ਹੱਥ ਲਾਉਂਦਾ। ਸੱਚ ਦੱਸਣੀ ਭੁੱਲ ਗਿਆ ਐਤਕੀ ਕਾਮਰੇਟ ਨੂੰ ਸਰਪੰਚੀ ਦੀਆਂ ਵੋਟਾਂ ਵਿਚ ਭੀ ਪੰਜੀ ਦਾ ਭੋਣ ਦਿਖਾਤਾ ਸਰਦਾਰ ਨੇ। ਤੈਨੂੰ ਪਤਾ ਕਾਮਰੇਟ ਕੋਲ ਜੂਆਂ ਜਿਹੜੀਆਂ ਲੋਕਾਂ ਨੂੰ ਦੇ ਦਿੰਦਾ। ਸਰਦਾਰ ਨੇ ਦਸ ਦਿਨ ਲੰਗਰ ਲਾ ਰੱਖਿਆ। ਸਾਰਾ ਵਿਹੜਾ ਰੋਟੀ ਸਰਦਾਰ ਦੇ ਈ ਛਕਦਾ। ਸਰਦਾਰ ਨੇ ਵੀਹ ਵੀਹ ਸੇਰ ਮੱਕੀ ਵੀ ਵੰਡੀ। ਤੇ ਵਿਹੜੇ ਨੇ ਵੀ ਸਰਦਾਰ ਦੀ ਰੱਖ ਵਿਖਾਈ। ਸਾਰਾ ਈ ਸਰਦਾਰ ਵੱਲੀਂ ਭੁਗਤਿਆ। ਅਗਲੇ ਸਾਲ ਤਾਂ 'ਕਾਲੀ ਪਾਰਟੀ ਕਹਿੰਦੀ ਸੀ ਐਮ, ਐਲ, ਏ, ਦਾ ਟਿਕਟ ਭੀ ਸਰਦਾਰ ਨੂੰ ਈ ਦੇਵਾਂਗੇ। ਕਾਂਗਰਸ ਵਾਲੇ ਤਾਂ ਐਂਤਕੀ ਵੀ ਦਿੰਦੇ ਸੀ। ਫੇਰ ਤਾਂ ਪਿੰਡ ਦੇ ਭਾਗ ਖੁੱਲ੍ਹ ਜਾਣਗੇ ਪਿੰਡ ਦਾ ਤਾਂ ਕੁੱਤਾ ਭੀ ਮਾਣ ਨੀ ਹੁੰਦਾ 'ਜੇ' ਤਾ ਫੇਰ ਐਮ. ਐਲ. ਏ..........। ਟੱਬਰ ਸਾਰਾ ਈ ਖਾਣ ਪੀਣ ਵਾਲਾ ਹਾਲੇ ਤੈਨੂੰ ਪਤਾ ਗੁਰੂ ਦਾ ਦਿੱਤਾ ਸਭ ਕੁਝ ਐ। ਪੁਲਸ ਦੇ ਭਾਵੇਂ ਪੰਜਾਹ ਬੰਦੇ ਆ ਜਾਣ ਰੋਟੀ ਮੀਟ ਨਾਲ ਖੁਆਉਣੀ। ਪੰਦਰਾਂ ਵੀਹ 'ਜੁੱਲੀ ਦਾ ਦਿੰਦੇ ਮੁਫਤ ਦੀ ਹੀ ਸਰਾਬ ਚਾੜ੍ਹਦੇ ਐ। ਖਾਣ ਨੂੰ ਬੱਕਰਾ ਪੀਣ ਨੂੰ ਦੇਸੀ। ਬੇਟ ਵਿਚੋਂ ਪੀਪਾ ਘੋੜੀ ਤੇ ਧਰ ਲਿਆਉਂਦੇ ਐ। ਸਾਟਾ ਪੈਂਤੀਆਂ ਰੁਪਈਆ ਦਾ। ਤੂੰ ਕਹੇਂਗਾ ਪੁਲਸ ਨੀ ਰੋਕਦੀ। ਭਲਿਆ ਮਾਣਸਾ ਪੁਲਸ ਆਲੇ ਤਾਂ ਆਪ ਕਈ ਵੇਰ ਦਹਿਆ ਟਪਾ ਕੇ ਜਾਂਦੇ ਐ। ਪੁਲਸ ਵਾਲੇ ਭੀ ਯਾਰਾਂ ਦੇ ਯਾਰ ਹੁੰਦੇ ਐ।

ਹਾਂ ਮੁਫਤ ਦੀ ਸਰਾਬ ਡੂੰਗਣ ਵਾਲੇ ਲਫਡ ਗਟੂਆਂ ਦੀ ਗੱਲ ਤੋਂ ਗੱਲ ਯਾਦ ਆ ਗਈ। ਬੋਦੂ ਦਾ ਜਾਗਰ ਐਨਾ, ਝਿੜੀ ਵੱਲ ਐ ਘਰ ਜਿਹਦਾ। ਉਹਦੇ ਨਾਲ ਮੱਥਾ ਲਗਿਆ ਸਰਦਾਰ ਦਾ। ਜਾਗਰ ਦੇ ਤੈਨੂੰ ਪਤਾ ਚਾਰ ਪੁੱਤ ਤੇ ਛੇ ਪੋਤੇ ਐ। ਗਿਆਰਵਾਂ ਆਪ, ਲਾਣੇ ਵਾਲਾ ਘਰ ਐ ਸੁਖ ਨਾਲ। ਗਿਆਰਾਂ ਦੇ ਗਿਆਰਾਂ ਡਾਗਾਂ ਵਰਗੇ ਜੁਆਨ ਐ। ਕਿਸੇ ਦੀ ਧੀ ਭੈਣ ਨੂੰ ਮੰਦਾ ਨਹੀਂ ਬੋਲਦੇ। ਆਪਣੇ ਕੰਮ ਵਿਚ ਜੁਟੇ ਰਹਿੰਦੇ ਐ। ਗੱਲ ਕੀ ਸੁੱਚਾ ਸਿਉਂ ਦੇ ਬਚਾਲੜੇ ਮੁੰਡੇ ਨੇ ਬਾਣੀਆਂ ਦੀ ਕੁੜੀ ਨੂੰ ਪਾਂ ਖਾਧੇ ਕੁੱਤੇ ਵਿਚ ਦੀ ਗੱਲ ਕੱਢੀ ਸੀ। ਗੱਲ ਵੀ ਕਾਹਦੀ ਸਾਲਾ ਹਾਸਾ ਆਉਂਦਾ 'ਅਖੇ ਸੋਹਣਿਓਂ ਕਿਥੇ ਲੁਕੇ ਰਹਿੰਦੇ ਉਂ।' ਬਈ ਤੇਰੇ ਮੁਲਕ ਦੀ ਗੱਲ ਹੋਰ ਐ, ਐਥੇ ਤਾਂ ਕਹਿੰਦੇ ਬਜ਼ਾਰ ਵਿਚ ਖੜ੍ਹ ਕੇ ਤੀਵੀਆਂ ਦੇ ਗਲਾਂ ਵਿਚ ਬਾਹਾਂ ਪਾ ਦਿੰਦੇ ਹਨ। ਇਥੇ ਤਾਂ ਭਾਵੇਂ ਘਰ ਦੀ ਈ

**SHAKTI**

**GIFT**

**6576 MAIN STREET,**
**VANCOUVER, B.C.**

**321-2912**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

ਤੀ ਜੀ ਹੋਵੇ ਲੋਕ ਗਿੱਟੇ ਛਾਂਗਣ ਤਕ ਜਾਂਦੇ ਐ। ਸਾਡੀ ਗੱਲ ਵਧਾਉਣ ਦੀ ਖੋਟੀ ਆਦਤ ਨੀ ਜਾਂਦੀ। ਅੱਗੇ ਜਿਹੜਾ ਭਾਣਾ ਵਰਤਣਾ ਹੋਵੇ। ਜਾਗਰ ਦਾ ਨਿੱਕਾ ਮੁੰਡਾ ਆਉਂਦਾ ਸੀ। ਉਹਨੂੰ ਪਤਾ ਨੀ ਕੀ ਫਤੂਰ ਚੜ੍ਹਿਆ ਕਹਿੰਦਾ 'ਤੇਰੀ ਮਾਂ ਦੇ.........ਚ'। ਕੁੜੀ ਤਾਂ ਵਿਚਾਰੀ ਚਲੀ ਗਈ। ਪਰ ਉਹ ਜੰਡ ਜੁੰਡੀ ਹੋ ਗਏ। ਰਾਤ ਨੂੰ ਸਰਦਾਰ ਹੋਰਾਂ ਨੇ ਫਾਇਰ ਫੂਰ ਭੀ ਕੀਤੇ। ਗਾਲੋਂ ਗਾਲੀ ਸਾਰੀ ਰਾਤ ਦੋਵੇਂ ਧਿਰਾਂ ਈ ਹੁੰਦੀਆਂ ਰਹੀਆਂ। ਸੱਚੇ ਸਿਉਂ ਕੇ ਕਹਿਣ ਪਹਿਲੀ ਵੇਰ ਕਿਸੇ ਦੀ ਪਿੰਡ 'ਚੋਂ ਹਿੰਮਤ ਪਈ ਹੈ ਮੂਹਰੇ ਬੋਲਣ ਦੀ। ਜੇ ਘਰ ਘਾਟ ਨਾ ਸਾੜ ਕੇ ਸੁਆਹ ਕੀਤਾ ਤਾਂ ਉਹ ਭੀ ਸਰਦਾਰ ਨੀ ਵਜਦੇ। ਤੇ ਜਾਗਰ ਕੇ ਕਹਿਣ ਏਨਾਂ ਦੀ ਹਿੰਮਤ ਕੀਕੂੰ ਪੈ ਗਈ ਕਿਸੇ ਦੀ ਧੀ ਭੈਣ ਨੂੰ ਬੋਲਣ ਦੀ। ਕਹਿਣ ਉਹ ਕੁੜੀ ਚੁੱਕਣੀ ਐ ਜਿਹੜੀ ਮੋਗੇ ਪੜ੍ਹਦੀ ਆ ਕਾਲਜ 'ਚ।

ਸਾਰਾ ਪਿੰਡ ਤ੍ਰਹਿ ਤ੍ਰਹਿ ਕਰਦਾ। ਸਰਦਾਰ ਦੀ ਮੁਫਤ ਦੀ ਸ਼ਰਾਬ ਪੀਣ ਵਾਲੇ ਤਾਂ ਸਾਰੇ ਈ ਟਿਭ੍ਹ ਗਏ। ਗੱਲ ਭੀ ਠੀਕ ਐ ਸਾਨ੍ਹਾਂ ਦੇ ਭੇੜ 'ਚ ਖੁਰ ਕੌਣ ਵਢਾਵੇ। ਇਕ ਦਿਨ ਚੰਨਣ ਸਰਦਾਰ ਦੀ ਛੋਟੀ ਬੀਬੀ (ਧੀ) ਨੂੰ ਛੱਡਣ ਜਾਂਦਾ ਸੀ, ਟੇਸ਼ਨ ਤੱਕ। ਅੱਗੋਂ ਮਿਲ ਗਿਆ ਜਾਗਰ ਦਾ ਬਚਾਲੜਾ ਮੁੰਡਾ। ਚੰਨਣ ਨੇ ਮਿੰਨਤਾਂ ਤਰਲੇ ਕੀਤੇ 'ਬਈ ਮੇਰੀ ਧੀ ਸਮਝ ਕੇ ਛੱਡ ਦੇ।' ਤੇ ਮੁੰਡਾ ਭੀ ਉਹ ਜਾਣ ਸਾਊ ਨਿਕਲਿਆ। ਅਗਲੇ ਦਿਨ ਸਰਦਾਰਾਂ ਨੇ ਸਾਰਾ ਟੱਬਰ ਈ ਕਿਸੇ ਸਕੀਰੀ 'ਚ ਭੇਜ ਦਿੱਤਾ। ਹੋਰ ਕਿਤੇ ਧੀ ਭੈਣ ਨੂੰ ਕੁਝ ਕਰ ਬੈਠਣ। ਇੱਜ਼ਤ ਤਾਂ ਤੈਨੂੰ ਪਤਾ ਲੱਖੀਂ ਹਜ਼ਾਰੀਂ ਨੀ ਥਿਆਉਂਦੀ। ਤੇ ਇਕ ਦਿਨ ਚੰਨਣ ਸਰਦਾਰਾਂ ਦੀ ਕਣਕ ਨੂੰ ਪਾਣੀ ਲਾਉਂਦਾ ਸੀ ਤੇ ਦੀਪਾ ਸਰਦਾਰ ਦਾ ਵੱਡਾ ਮੁੰਡਾ। ਨਾ ਅੱਗੇ ਨਾ ਪਿਛੇ ਕਾਹਨੂੰ ਕਿਤੇ ਬਾਹਰ ਕੰਮ ਤੇ ਗਿਆ। ਕੰਮ ਨੂੰ ਹਮਾ ਤੁਮਾਂ ਥੋਹੜਾ। ਚੰਨਣ ਨੇ ਕਾਲੀ ਸੁੰਨ ਰਾਤ ਵਿਚ ਆਦਮੀਆਂ ਦੀ ਪੈੜ ਚਾਲ ਸੁਣੀ ਤੇ ਫਿਰ ਕਾਲੇ ਕਾਲੇ ਪਰਛਾਵੇਂ। ਉਹ ਦਹਿਲ ਗਿਆ। ਉਸ ਗੇੜਾ ਮਾਰਨ ਗਏ ਦੀਪੇ ਨੂੰ ਹਾਕ ਮਾਰੀ 'ਉਏ ਨੱਥੂ, ਗੇੜਾ ਤੰਗੀ ਤਰ੍ਹਾਂ ਮਾਰ ਕੇ ਆਈਂ ਪਾਣੀ ਸਾਲਾ ਚੋਰ ਹੁੰਦਾ, ਪਤਾ ਨਹੀਂ ਕਿਥੋਂ ਟੁੱਟ ਜੇ।'

'ਜਾਹ ਬਚ ਗੀ ਝੜੰਮੇਂ', ਦੀਪੇ ਦੇ ਭੁਲੇਖੇ ਡੁੱਕੀ ਜਾਣਾ ਸੀ।' ਨਾਜਰ ਦੇ ਵਡੇ ਪੋਤੇ ਨੇ ਕੋਲ ਆਉਂਦਿਆਂ ਕਿਹਾ। ਉਨ੍ਹਾਂ ਵਿਚੋਂ ਤਾਂ ਨੀ ਇਥੇ ਕੋਈ।

'ਨਹੀਂ ਸਰਦਾਰਾ' ਐ ਤਾਂ ਚੰਨਣ ਨੇ ਉਸ ਦਿਨ ਦੀਪੇ ਨੂੰ ਬਚਾਇਆ। ਮਜ਼੍ਹਬੀ ਵਰਗਾ ਅਮਾਨਦਾਰ ਜਾਂ ਜੱਟ ਨੂੰ ਕਿਤੇ ਨੀ ਮਿਲਣਾ। ਚਲ ਛੱਡ ਕਿਵੇਂ ਨਾ ਕਿਵੇਂ ਗੱਲ ਠੰਡੀ ਪੈ ਗਈ। ਬਾਣੀਏ ਵਿਚਾਰੇ ਨੇ ਹੀ ਸਰਦਾਰ ਤੋਂ ਮਾਫ਼ੀ ਮੰਗ ਲਈ ਤੇ ਨਾਲੇ ਜਾਗਰ ਨੂੰ ਕਹਿਤਾ ਚਲ ਛੱਡ ਜਾਗਰ ਸਿਆਂ ਕੀ ਲਾ ਲਿਆ ਕੁੜੀ ਦਾ। ਆਪਣੀ ਈ ਜਬਾਨ ਗੰਦੀ ਕੀਤੀ ਸੂ।

ਤੂੰ ਵੀ ਕਹੇਂਗਾ ਗੱਲ ਕੰਤੇ ਦੀ ਸੀ ਕਿਧਰ ਦੀ ਕਿਧਰ ਉੱਗੂ ਦੀਆਂ ਪਤਾਲ ਮਾਰੀ ਜਾਂਦਾ। ਚੰਨਣ ਤੋਂ ਛੋਟਾ ਐ ਨਾ ਕੰਤੋ ਦਾ ਚਾਚਾ ਗੇਬਾ ਕਾਣਾ। ਪੂਰਾ ਫਿਟੜੀਆਂ ਦਾ ਫੇਟ ਹੈ। ਉਹ ਦੋਵੇਂ ਅੱਡ ਹੋ ਗਏ, ਅੱਡ ਹੋਣ ਤੇ ਤਾਂ ਤੈਨੂੰ ਪਤਾ ਮਜ਼੍ਹਬੀ ਫੇਰ ਕਿਵੇਂ ਲੜਦੇ ਐ। ਇਹ ਤਾਂ ਕੀੜਿਆਂ ਦੀ ਜਾਤ ਹੁੰਦੀ ਐ। ਮੰਜੇ ਦੇ ਪਾਵੇ ਪਿਛੇ ਡਹਿ ਪੈਣ ਤਾਂ ਡਹਿ ਪੈਣ। ਬੜਾ ਲੜੇ। ਇਕ ਦਿਨ ਚੰਨਣ ਦਾ ਤੈਨੂੰ ਪਤਾ ਸੁਭਾ ਮੁੱਢ ਤੋਂ ਈ ਅਵੈੜਾ ਐ। ਜੁਆਨੀ ਵੇਲੇ ਤੈਨੂੰ ਪਤਾ ਇਹਦੀ ਸੰਮਾਂ ਵਾਲੀ ਡਾਂਗ ਮਸ਼ਹੂਰ ਸੀ। ਗੇਬੇ ਦੇ ਕੁਹਾੜੀ ਕੱਢ ਮਾਰੀ। ਪਰ ਜੀਤ ਸਿਉਂ ਨੇ ਛੱਪੜ ਕੋਲ ਐ ਜੀਹਦਾ ਘਰ। ਪੁਰਾਣਾ ਸਰਪੰਚ। ਉਹਨੇ ਟਿਕ ਟਿਕਾ ਕਰਾ ਦਿਤਾ। ਓਹਦੇ ਇਹ ਸਾਰੇ ਈ ਮਜ਼ਬੀ ਚੰਗੇ ਆਖੇ ਲਗਦੇ ਐ ਥਾਂ ਵੀ ਵੰਡ ਵਡਾ ਦਿੱਤਾ ਤੇ ਚੀਜ਼ਾਂ ਵਾਸਤੇ ਵੀ, ਪਰ ਉਹ ਅੱਜ ਤਕ ਬੋਲਦੇ ਨੀ, ਕੱਲ੍ਹ ਚੰਨਣ ਕੁਝ ਢਿਲਾ ਜਿਹਾ ਸੀ। ਕੰਮ ਤੇ ਨਾ ਗਿਆ। ਕੰਤੋ ਗੋਹਾ ਕੂੜਾ ਕਰਨ ਗਈ ਸੀ। ਬਾਹਰਲਾ ਘਰ ਐ ਨਾ ਸਰਦਾਰ ਦਾ। ਉਹ ਸੱਚ ਤੈਨੂੰ ਨੀ ਪਤਾ ਹੋਣਾ. ਸਰਦਾਰ ਨੇ ਤਸੀਲਦਾਰ ਨਾਲ ਮਿਲ ਮਿਲਾ ਕੇ ਫੱਤੂ ਮਰਾਸੀ ਤੇ ਹੋਰ ਮੁਸਲਮਾਨਾਂ ਵਾਲਾ ਸਾਰਾ ਈ ਥਾਂ ਵਲ ਲਿਆ। ਉੱਥੇ ਈ ਪਸ਼ੂ ਢਾਂਡਾ ਹੁੰਦਾ ਹੈ। ਸਰਦਾਰ




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ ਗਹਿਣੇ ਖਰੀਦਣ ਲਈ

ਸੋਨੀ ਐਂਡ ਸਨਜ਼

**SONI & SONS**

**JEWELLERS**

**Specialist in East Indian Jewelry**

**6524 MAIN ST. ( AT 49th. Ave.)**

**VANCOUVER, B.C.**

**PHONE 324-1012**

**RES. 327-0783**

ਅਸੀਂ ਵੇਖਿਆ ਗੂੜ੍ਹੀ ਲਾਲ ਪੱਗ ਬੰਨ੍ਹੀ ਸੱਜਣ ਦਾ ਤਾਇਆ ਰੇਲਵੇ ਲਾਈਨ ਵਲ ਜਾ ਰਿਹਾ ਸੀ ।

ਤੇ ਹੱਸਦਿਆਂ ਬਲਵੰਤ ਨੇ ਸੱਜਣ ਦੀ ਗੱਲ ਸੁਣਾਈ; ਜਿਹੜੀ ਸੱਜਣ ਨੇ ਆਪਣੇ ਤਾਏ ਦੀ ਬਣਾ ਸ਼ਿੰਗਾਰ ਕੇ ਬੰਨ੍ਹੀ ਲਾਲ ਪੱਗ ਨੂੰ ਵੇਖ ਕੇ ਕਹੀ ਸੀ। ਅਖੇ ... ...!"

"ਤਾਏ ਨੇ ਅੱਜ ਬੜੀ ਲੀਲੀ ਬੱਧੀ ਆ! ... ..."

ਮੈਂ ਹੈਰਾਨੀ ਵਿਚ ਹਸਦਿਆਂ ਸੱਜਣ ਨੂੰ ਪੁੱਛਿਆ, "ਉਏ ਜਹੂਰੀ ਦਿਆ !... ਤੈਨੂੰ ਰੰਗਾਂ ਦੀ ਵੀ ਪਛਾਣ ਨਹੀਂ ?"

ਉਹ ਢੌਂਗਾ ਜਿਹਾ ਸੰਗਿਆ। ਫਿਰ ਬੋਲਿਆ, "ਓ ਭਾਉ ! ਸਾਨੂੰ ਕੀ ਪਤਾ .. ... ।"

ਉਹ ਹੱਥ ਵਿਚ ਫੜੀ ਰੰਗੀ ਵੱਲ ਵੇਖਣ ਲੱਗਾ ਤੇ ਅਸੀਂ ਇਕ ਦੂਜੇ ਦੇ ਮੂੰਹ ਵੱਲ।

ਕਹਾਣੀ 'ਅਸਲੀ ਤੇ ਰੰਗੀਨ' ਦੀ ਬਾਕੀ

ਦਾ ਮੁੰਡਾ ਉਹ ਨੀ ਜੀਹਤੋਂ ਅੱਗੇ ਕਲੇਸ਼ ਵਧਿਆ ਸੀ ਉਦੂੰ ਛੋਟਾ। ਆਪਣੇ ਬੇਲੀਆਂ ਨਾਲ ਬੈਠਾ ਨੁਕਲ ਪਾਣੀ ਕਰ ਰਿਹਾ ਸੀ। ਰਾਤ ਭੀ ਪੀਂਦੇ ਰਹੇ ਸੀ ਤੇ ਸਵੇਰੇ ਤੈਨੂੰ ਪਤਾ ਜੇ ਨਾ ਪੀਓ ਤਾਂ ਸਾਲੀ ਨੇਸਤੀ ਨੀ ਲਹਿੰਦੀ। ਅਤੇ ਰੱਬ ਜਾਣੇ ਬਈ ਕੀ ਕੀਤਾ ਤੇ ਕੀ ਨਹੀਂ ਕੀਤਾ। ਮੈਂ ਤਾਂ ਸੱਥ 'ਚ ਬੈਠਾ ਸੀ। ਅਸੀਂ ਸੀਖਣੀਆਂ ਦੀ ਧੂਣੀ ਲਾਈ 'ਨੰਗ' ਬੁੜ੍ਹੇ ਦੀਆਂ ਗੱਲਾਂ ਸੁਣ ਰਹੇ ਸੀ। ਜਦ ਕੁੜੀ ਪਾਟੇ ਲੀੜੀਂ ਸੱਥ ਵਿਚ ਦੀ ਲੰਘੀ। ਅੱਖਾਂ ਵਿਚਾਰੀ ਦੀਆਂ ਰੋਂਦੀ ਦੀਆਂ ਸੁਜੀਆਂ ਪਈਆਂ ਸੀ।

ਮੈਂ ਸੁਣਿਆ ਸੀ ਚੰਨਣ ਤਾਂ ਵਿਚਾਰਾ ਸਵੇਰ ਤੋਂ ਹੀ ਗੋਡਿਆਂ 'ਚ ਸਿਰ ਦੇਈ ਬੈਠ। ਕੱਲਾ ਵਿਚਾਰਾ ਕੀ ਕਰਦਾ। ਬੱਸ ਤੇ ਚੜ੍ਹਨ ਲੱਗਿਆ ਸੀ ਜਦੋਂ ਗੇਬਾ ਬੁੱਕਦਾ ਜਾ ਰਿਹਾ ਸੀ। ਨਾਲ ਈ ਠੁਲੇ ਦੇ ਹੋਰ ਜੁਆਨ ਮੁੰਡੇ। ਪਿਛੇ ਜੰਬੂ ਲੰਡਾ, ਪਾਖਰ, ਕਰਤਾਰ, ਮੁਨਸ਼ੀ ਤੇ ਗਾਹੀ ਕਰਪਾਨਾਂ ਫੜੀ ਜਾ ਰਹੇ ਸੀ ਤੇ ਚੰਨਣ ਕੋਲ ਉਹੀ ਸੰਮਾਂ ਵਾਲੀ ਡਾਂਗ ਸੀ। ਮੈਂ ਤਾ ਚੰਡੀਗੜ੍ਹ ਆਉਣਾ ਸੀ। ਤੈਨੂੰ ਪਤਾ ਚਪੜਾਸੀਆਂ ਦੀਆਂ ਨੌਕਰੀਆਂ ਕਿਹੋ ਜਿਹੀਆਂ ਹੁੰਦੀਆਂ ਸਭ ਦੀ ਰੰਨ ਬਣ ਕੇ ਰਹਿਣਾ ਪੈਂਦਾ। ਨਾਲੇ ਪਿੱਛੇ ਤੇਰੀ ਭਾਬੀ ਤੇ ਨਿੱਕੇ ਨਿਆਣੇ ਛੱਡ ਕੇ ਗਿਆ ਸੀ। ਰੱਬ ਸੁਖ ਰੱਖੇ ਇਹ ਮਜ਼ਬੀ ਤਾਂ ਤੈਨੂੰ ਪਤਾ ਕੀਕਣੇ ਹੁੰਦੇ ਐ। ਸਰਦਾਰ ਨੇ ਕਿੱਥੇ ਇਹ ਭੂੰਡਾਂ ਦੀ ਖੱਖਰ ਛੇੜ ਲੀ। ਪਤਾ ਨੀ ਕੀ ਕਰ ਬੈਠਣ......।

ਕਹਾਣੀ 'ਸੰਮਾਂ ਵਾਲੀ ਡਾਂਗ' ਦੀ ਬਾਕੀ

ਕਹਾਣੀ 'ਹੂਟਰ' ਦੀ ਬਾਕੀ

ਗੱਡੀ ਦੀ ਰੋਸ਼ਨੀ ਨਾਲ ਹਨੇਰਾ ਹਟਣ ਲਗਾ। ਪਰ ਉਸ ਨੇ ਹੌਸਲਾ ਨਹੀਂ ਛੱਡਿਆ। ਉਸ ਤਰ੍ਹਾਂ ਹੀ ਨੱਸਦਾ ਰਿਹਾ ਅਤੇ ਧੌਣ ਘੁਮਾ ਘੁਮਾ ਕੇ ਬਾਰ ਬਾਰ ਮੁੜ ਕੇ ਵੇਖਦਾ ਰੇਲ ਦੀ ਪਟੜੀ ਤੇ ਜਾ ਪੁੱਜਾ।

ਪਟੜੀ ਦੇ ਦੂਜੇ ਪਾਸੇ ਨਹਿਰ ਵਹਿ ਰਹੀ ਸੀ। ਉਹ ਹੋਰ ਨਾ ਨੱਸ ਸਕਣ ਕਰਕੇ, ਥੱਕੀ ਹੋਈ ਮੱਝ ਵਾਂਗ ਹੌਂਕਦਾ ਉਥੇ ਹੀ ਠਹਿਰ ਗਿਆ।

ਉਸ ਨੇ ਅੱਖਾਂ ਮਿਚਮਚਾ ਕੇ ਦ੍ਰਿਸ਼ਟੀ ਦੀ ਹੱਦ ਤੱਕ ਬੇਤਰਤੀਬ ਹੁੰਦੇ ਹਨੇਰੇ ਵਿਚ ਦੇਖਿਆ। ਉਹ ਲੋਕ ਦੋਵੇਂ ਪਾਸਿਉਂ ਪਹੁੰਚ ਹੀ ਰਹੇ ਸਨ। ਉਹ ਹੁਣ ਦੌੜਨਾ ਨਹੀਂ ਸੀ ਚਾਹੁੰਦਾ ਪਰ ਰੁਕ ਵੀ ਨ੍ਹਹੀਂ ਸਕਦਾ ਸੀ। ਲਾਗੇ ਪਹੁੰਚ ਰਹੇ ਉਨ੍ਹਾਂ ਦੇ ਪਰਛਾਵੇਂ ਵੇਖਦਿਆਂ ਹੀ ਉਹ ਮੁੜ ਮੂੰਹ ਚੁਕ ਨੱਠਣ ਲਗਾ।

ਹੁਣ ਉਸ ਦੇ ਸਾਹਮਣੇ ਰੇਲ ਦੀ ਪਟੜੀਆਂ ਸਨ। ਉਹ ਉਨ੍ਹਾਂ ਦੇ ਵਿਚੋਂ ਵਿਚ ਗੀਟਿਆਂ ਤੇ ਪੱਥਰਾਂ ਤੇ ਕੁਦਦਾ ਹੋਇਆ ਭੱਜ ਰਿਹਾ ਸੀ। ਗੱਡੀ ਦੇ ਭਕਾ ਭਕਾ ਧੂੰਆਂ ਛੱਡਦੇ ਅੰਨ੍ਹੇ ਇੰਜਣ ਦੀ ਗਚਗਚਾ ਕੇ ਵਜਦੀ ਗੁੰਗੀ ਸੀਟੀ, ਉਸ ਨੂੰ ਫੜਨ ਆਉਂਦੇ ਲੋਕਾਂ ਦੀਆਂ ਕੁਰਖ਼ਤ ਆਵਾਜ਼ਾਂ ਵਿਚ ਮਿਲ ਕੇ ਕਿਸੇ ਹੂਟਰ ਦੀ ਗੂੰਜ ਵਾਂਗ ਉਸ ਦਾ ਪਿੱਛਾ ਕਰ ਰਹੀ ਸੀ ਅਤੇ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਬੇਵਕਤ ਹੂਟਰ ਕਿਥੇ ਚੀਕ ਰਿਹਾ ਹੈ...।

# INDIA from $1,007

A.B.C. CHARTERS

LONDON from $389.00

HAWAII from $225.00

ENQUIRE FOR SPECIAL FARES.

Groups and Excursions

"Fly Now . . . Pay Later"

We are appointed agents for International Air Transport Association (IATA) and also for every major airline and steamship company in the world.

"TRAVEL IS OUR ONLY BUSINESS"

*Tickets issued immediately at any of the following offices:*

## Bains International Travel Service Ltd.

6364 FRASER ST.
VANCOUVER, B.C.
324-2277

935 MARINE DRIVE
NORTH VANCOUVER, B.C.
980-0351

1710 DOUGLAS ST.
VICTORIA, B.C.
386-6363

FOR

LIFE INSURANCE

EDUCATION PLAN

MORTGAGE PLAN

Retirement registered Saving Plan and all other kinds of insurance

Contact

# DALJIT SANDHU

of

## National Life of Canada

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ :-

ਦਲਜੀਤ ਸੰਧੂ



Suite 501, 1155—West Pender Street
Vancouver, B.C. Phone: 685-7231

Office
685-7231

Residence
278-0491

# ਹੂਟਰ

ਰਮੇਸ਼ ਬੱਤਰਾ

(ਅਨੁਵਾਦ: ਕਸ਼ਮੀਰ ਸਿੰਘ ਪੰਨੂੰ)

ਘਰ। ਘਰ ਕੀ ਕੇਵਲ ਛੋਟਿਆ ਕਮਰਾ ਹੀ ਸੀ। ਉਸ ਕਮਰੇ ਵਿਚੋਂ ਉਹ ਜਿੰਨੀ ਤੇਜ਼ੀ ਨਾਲ ਨਿਕਲਿਆ, ਬਾਹਰ ਆ ਕੇ ਉਨੀ ਹੀ ਗਤੀ ਨਾਲ ਠਠੰਕਰ ਗਿਆ। ਜੀਵਨ ਭਰ ਦੀ ਹਾਰ ਜਿਵੇਂ ਇਸ ਛਿਣ ਉਸ ਦੇ ਪੈਰਾਂ ਵਿਚ ਆ ਬੱਝੀ ਸੀ। ਉਹ ਕੀ ਕਰਨ ਜਾ ਰਿਹਾ ਹੈ? ਸੋਚ ਕੇ ਉਹ ਖ਼ੁਦ ਨੂੰ ਜ਼ਿਹਨ ਤੋਂ ਜਿਸਮ ਤਕ ਪਿੰਗਲਾ ਜਿਹਾ ਮਹਿਸੂਸ ਕਰਨ ਲਗਾ। ਉਸ ਦੇ ਕੰਨਾਂ ਵਿਚ ਕਾਰਖਾਨੇ ਦਾ ਹੂਟਰ ਗੂੰਜਣ ਲਗਾ...ਇਕ ਸਾਰ ..ਅਤੇ ਸਰੀਰ ਕਾਰਖਾਨੇ ਦੀ ਧੂਆਂ ਉਗਲਦੀ ਚਿਮਨੀ ਵਾਂਗ ਧੁੱਖਣ ਲਗਾ।

ਉਸ ਨੂੰ ਵਾਪਸ ਜਾ ਕੇ ਮੀਨਾ ਤੋਂ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਇਹ ਸੋਚ ਕੇ ਉਹ ਪਿਛੇ ਮੁੜ ਗਿਆ। ਮੀਨਾ ਦਰਵਾਜ਼ੇ ਦੀ ਚੋਖਟ ਤੇ ਟਿਕੀ ਦਹਿਲੀਜ਼ ਤੇ ਖੜੀ ਟਿਕਟਿਕੀ ਲਗਾਈ ਉਸ ਨੂੰ ਵੇਖ ਰਹੀ ਸੀ। ਉਸ ਦੇ ਚੇਹਰੇ ਤੇ ਉਦਾਸੀ ਸੀ ਪਰ ਉਸ ਨੂੰ ਸਾਹਮਣੇ ਵੇਖ ਕੇ ਉਹ ਲਾਚਾਰ ਜਿਹੀ ਮੁਸਕਰਾ ਪਈ। ਉਹ ਉਸ ਦੀਆਂ ਅੱਖਾਂ ਵਿਚ ਉਭਰਦੇ ਰੋਸ ਦਾ ਸਾਹਮਣਾ ਨਹੀਂ ਕਰ ਸਕਿਆ। ਉਸ ਨੂੰ ਲਗਾ, ਉਹ ਜਿੰਨੀ ਦੇਰ ਉਥੇ ਖਲੋਤਾ ਰਹੇਗਾ ਉਨਾ ਬੋਣਾ ਹੀ ਹੁੰਦਾ ਜਾਵੇਗਾ। ਉਸ ਨੂੰ ਕੁਝ ਕਹਿਣਾ ਚਾਹੁੰਦੇ ਹੋਏ ਵੀ ਕੁਝ ਨਹੀਂ ਕਹਿ ਸਕਿਆ, ਤੇ ਫੁਰਤੀ ਨਾਲ ਘੁੰਮ ਕੇ ਜ਼ਰੂਰਤ ਤੋਂ ਜ਼ਿਆਦਾ ਲੰਮੇ ਕਦਮ ਪੁਟਦਾ ਹੋਇਆ ਅਗਾਂਹ ਵਧ ਗਿਆ।

ਮੀਨਾ ਦੀਆਂ ਅੱਖਾਂ ਤੋਂ ਅਲੋਪ ਹੋ ਕੇ ਉਸ ਨੇ ਸੁਖ ਦਾ ਸਾਹ ਲਿਆ, ਪਰ ਕੁਝ ਆਪਣੇ ਆਪ ਵਿਚ ਆਉਂਦੇ ਹੀ ਅਗਲੀ ਸਮੱਸਿਆ ਉਸ ਨੂੰ ਹੱਥਕੜੀ ਵਾਂਗ ਬੰਨ੍ਹਣ ਲਗੀ। ਜਿਸ ਬੰਦੇ ਦੀ ਭਾਲ ਵਿਚ ਉਹ ਨਿਕਲਿਆ ਹੈ ਉਹ ਉਸ ਨੂੰ ਕਿਥੇ ਮਿਲੇਗਾ? ਜੇ ਮਿਲ ਵੀ ਪਵੇ ਤਾਂ ਉਸ ਨੂੰ ਕੀ ਕਹੇਗਾ? ਉਸ ਨੂੰ ਕੁਝ ਸਮਝ ਨਹੀਂ ਆਇਆ। ਪਰ ਦੂਸਰੇ ਹੀ ਪਲ ਉਸ ਨੂੰ ਲਗਾ ਕਿ ਇਸ ਵਿਚ ਕੀ ਹੈ, ਕਿਸੇ ਵੀ ਰਾਹ ਜਾਂਦੇ ਠੀਕ-ਠਾਕ ਬੰਦੇ ਨੂੰ ਪਲ ਭਰ ਨੂੰ ਰੋਕ ਕੇ ਆਪਣੀ ਗੱਲ ਕਹਿ ਦੇਵੇਗਾ — ਜ਼ਰਾ ਸੁਨਣਾ, ਮੈਂ ਤੁਹਾਡੇ ਕੰਮ ਆ ਸਕਦਾ ਹਾਂ... ਮੇਰੇ ਕੋਲ...ਲੜਕੀ ਹੈ ਖ਼ੂਬਸੂਰਤ...ਜੇ ਜੀਅ ਆਵੇ ਦੇ ਦੇਣਾ। ਸੋਚਦੇ ਸੋਚਦੇ ਉਹ ਆਪਣੇ ਪ੍ਰਤੀ ਘਿਰਣਾ ਨਾਲ ਭਰ ਗਿਆ। ਆਪਣੀ ਹੀ ਬੀਵੀ ਲਈ ਕੋਈ ਦੂਸਰਾ ਆਦਮੀ? ਨਹੀਂ, ਇਹ ਮੇਰੇ ਕੋਲੋਂ ਨਹੀਂ ਹੋਵੇਗਾ।

ਪਰ ਇਹ ਨਹੀਂ ਹੋਵੇਗਾ ਤਾਂ ਫਿਰ ਕੀ ਹੋਵੇਗਾ? ਹੋਰ ਕਿਹੜਾ ਉਪਾਅ ਰਹਿ ਗਿਆ ਹੈ? ਉਹ ਹੋਰ ਕਿੰਨੇ ਦਿਨ ਸਖਣੇ ਪੇਟ ਰਹਿ ਸਕਣਗੇ? ਇਹ ਤਾਂ ਕਰਨਾ ਹੀ ਹੋਵੇਗਾ। ਪਰ ਕਿਉਂ ਕਰਨਾ ਹੋਵਗਾ? ਮੀਨਾ ਨਾ ਚਾਹੇ ਤਾਂ ਇਹ ਕਿਵੇਂ ਹੋ ਸਕਦਾ ਹੈ? ਉਸ ਨੂੰ ਮੀਨਾ ਤੇ ਗੁੱਸਾ ਆਉਣ ਲਗਾ। ਮੈਂ ਕਿਹਾ ਸੀ ਤਾਂ ਉਹ ਮੰਨੀ ਹੀ ਕਿਉਂ? ਨਾਹ ਕਰ ਦਿੰਦੀ। ਮੈਂ ਮੂਰਖਤਾ ਕੀਤੀ, ਤਾਂ ਉਹ ਮੈਨੂੰ ਸਮਝਾ ਦਿੰਦੀ...

ਪਰ ਉਸ ਵਿਚਾਰੀ ਦਾ ਵੀ ਕੀ ਦੋਸ਼, ਉਹ ਫਿਰ ਢਿੱਲਾ ਪੈ ਗਿਆ। ਸਭ ਕੁਝ ਏਨੀ ਛੇਤੀ ਵਿਚ ਹੋ ਗਿਆ ਕਿ ਕਿਸੇ ਨੂੰ ਵੀ ਮਾੜਾ-ਚੰਗਾ ਸੋਚਣ ਦਾ ਮੌਕਾ ਹੀ ਨਾ ਮਿਲਿਆ। ਇਵੇਂ ਜਿਵੇਂ ਚਾਰੇ ਪਾਸਿਉਂ ਘਿਰੇ ਦੋ ਸੈਨਿਕ ਇਸ ਇੰਤਜ਼ਾਰ ਵਿਚ ਹੋਣ ਕਿ ਉਨ੍ਹਾਂ ਵਿਚੋਂ ਇਕ ਪਹਿਲਾ ਹਥਿਆਰ ਸੁਟ ਦੇਵੇ ਤਾ ਦੂਸਰਾ ਵੀ ਦੇਰ ਨਾ ਕਰੇ। ਦੋ ਦਿਨਾਂ ਤੋਂ ਘਰ ਵਿਚ ਅੱਗ ਨਹੀਂ ਸੀ ਬਲੀ। ਪਪੂ ਨੂੰ ਪਹਿਲਾ ਤੋਂ ਹੀ ਬੁਖ਼ਾਰ ਸੀ। ਦੁਪਿਹਰ ਤੋਂ ਉਸ ਦੀ ਹਾਲਤ ਹੋਰ ਵੀ ਵਿਗੜ ਗਈ ਸੀ ਤਾਂ ਮੀਨਾਂ ਉਸ ਨਾਲ ਖਹਿਬੜ ਪਈ — ਹੋਰ ਕੁਝ ਨਹੀਂ ਹੁੰਦਾ ਤਾਂ ਸਾਨੂੰ ਜ਼ਹਿਰ ਹੀ ਲਿਆ ਦੇ...ਪਰ ਅਸੀਂ ਇਸ ਤਰ੍ਹਾਂ ਸਿਸਕ ਸਿਸਕ ਕੇ ਨਹੀਂ ਮਰ ਸਕਦੇ।

ਉਹ ਬਹੁਤ ਦੇਰ ਤੱਕ ਆਪਣੀ ਸਫ਼ਾਈ ਪੇਸ਼ ਕਰਦਾ ਹੋਇਆ ਉਸ ਨਾਲ ਤੂੰ.. ਤੂੰ . ਮੈਂ...ਮੈਂ ਹੁੰਦਾ ਰਿਹਾ, ਅਤੇ ਅਖੀਰ ਉਸ ਦੀਆਂ ਉਲਟੀਆਂ ਸਿੱਧੀਆਂ ਸੁਣ-ਸੁਣਾ ਕੇ ਉਹ ਬਦਨੀਅਤੀ ਤੇ ਉਤਰ ਆਇਆ ਸੀ। ਅੱਕ ਕੇ ਉਸ ਨੇ ਪ੍ਰਸਤਾਵ ਰੱਖਿਆ ਅਤੇ ਕਮਾਲ ਹੈ ਮੀਨਾ ਦੀ ਵੀ ਕਿ ਉਸ ਨੇ ਇਕ ਵਾਰ ਵੀ ਵਿਰੋਧ ਨਹੀਂ ਕੀਤਾ। ਸਤਹੀਨ ਜਿਹੀ ਹੋ ਕੇ ਉਹ ਇਤਨਾ ਹੀ ਬੋਲੀ — ਪਰ ਆਦਮੀ ?

— ਆਦਮੀ ਮੈਂ ਲੈ ਆਵਾਂਗਾ ।" ਉਹ ਅਚਾਨਕ ਹੀ ਕਹਿ ਗਿਆ ਸੀ।

ਉਸ ਸਥਿਤੀ ਨੂੰ ਫਿਰ ਤੋਂ ਸਮੇਟਦੇ ਹੋਏ ਉਸ ਨੂੰ ਕੰਬਣੀ ਆ ਗਈ। ਉਸ ਨੂੰ ਹੈਰਾਨੀ ਹੋਈ ਕਿ ਉਸ ਛਿਣ ਉਹ ਏਨਾ ਨਿਰਲੱਜ ਕਿਵੇਂ ਹੋ ਗਿਆ ਸੀ। ਮੀਨਾਂ ਦੀਆਂ ਅੱਖਾਂ ਵਿਚ ਉਮੜਦੀ ਵੇਦਨਾ ਮਹਿਸੂਸ ਕੇ ਵੀ ਅਣਦੇਖੀ ਕਰਕੇ ਕਿੰਨੀ ਚਲਾਕੀ ਨਾਲ ਉਠ ਕੇ ਚਲ ਪਿਆ ਸੀ। ਏਨੀ ਕੁਟਲਤਾ? ਇਕ ਵਾਰ ਵੀ ਤਾਂ ਨਹੀਂ ਸੋਚਿਆ ਕਿ ਉਸ ਨੂੰ ਕੁਝ ਦਿਲਾਸਾ ਹੀ ਦੇਵੇ। ਹੁਣ ਉਹ ਕੀ ਸੋਚ ਰਹੀ ਹੋਵੇਗੀ ਉਸ ਦੇ ਬਾਰੇ। ਉਹਦੀ ਚਾਲ ਹੋਲੀ ਹੋ

ਗਈ। ਮੀਨਾਂ ਨਾਲ ਸੁਹਾਗਰਾਤ ਨੂੰ ਹੋਈ ਪਹਿਲੀ ਮੁਲਾਕਾਤ ਤੋਂ ਲੈ ਕੇ ਥੋੜ੍ਹਾ ਚਿਰ ਪਹਿਲਾਂ ਹੀ ਮਗਰਲੀ ਮੁਲਾਕਾਤ ਤੱਕ ਨਿੱਕੀਆਂ ਮੋਟੀਆਂ ਸੈਂਕੜੇ ਘਟਨਾਵਾਂ ਇਕੋ ਵਾਰ ਖੁਰਚਨ ਲੱਗੀਆਂ, ਅਤੇ ਉਸ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਉਸ ਦੇ ਮੁਕਾਬਲੇ ਵਿਚ ਮੀਨਾ ਮੁੱਢ ਤੋਂ ਹੀ ਕਿੰਨੀ ਉਦਾਰ ਰਹੀ ਹੈ। ਮੀਨਾ ਦਾ ਸਭ ਕੁਝ ਹਮੇਸ਼ਾ ਉਸ ਤੇ ਨਿਰਭਰ ਰਿਹਾ ਹੈ ਪਰ ਉਸ ਨੇ ਕਦੇ ਵੀ ਪਤਾ ਨਹੀਂ ਲੱਗਣ ਦਿੱਤਾ ਕਿ ਉਹ ਉਸ ਤੇ ਬੋਝ ਹੈ ਜਾਂ ਉਸ ਦੇ ਨਾਲ ਰਹਿ ਕੇ ਗੁਜ਼ਾਰਾ ਕਰਨ ਨਾਲ ਉਸ ਨੂੰ ਕਿੰਨੀ ਕਠਨਾਈ ਹੁੰਦੀ ਹੈ। ਜਦ ਕਿ ਇਹੋ ਜਿਹੀਆਂ ਸ਼ਕਾਇਤਾਂ ਦੇ ਉਸ ਨੂੰ ਕਈ ਮੌਕੇ ਮਿਲੇ ਸਨ।

ਤਾਲਾਬੰਦੀ ਦੇ ਕਾਰਨ ਜਦ ਉਹਦੀ ਨੌਕਰੀ ਕਾਰਖਾਨੇ ਦੇ ਹੂਟਰ ਦੀ ਗੂੰਜ ਦੇ ਨਾਲ ਕਿਰਮਚਾ ਕੇ ਅਸਮਾਨ ਨੂੰ ਛੂਹਦੀ ਚਿਮਨੀ 'ਚੋਂ ਧੂੰਆਂ ਬਣ ਕੇ ਖਿਲਰ ਗਈ ਸੀ, ਤਾਂ ਵੀ ਅਤੇ ਉਸ ਦੇ ਬਾਅਦ ਇਲਾਜ ਨਾ ਹੋਣ ਕਰਕੇ ਸ਼ਾਲੂ ਦੀ ਮੌਤ ਤੇ ਵੀ। ਪਰਿਵਾਰ ਦੀ ਰੱਖਿਆ ਦਾ ਭਾਰ ਉਸ ਦੇ ਮੋਢਿਆਂ ਤੇ ਸੀ, ਇਸ ਲਈ ਸ਼ਾਲੂ ਦੀ ਵਕਤ ਤੋਂ ਪਹਿਲਾਂ ਮੌਤ ਦਾ ਅਪਰਾਧੀ ਵੀ ਉਹ ਸੀ। ਕਿਉਂਕਿ ਇਕ ਵਾਰ ਤਾਂ ਦੁਖੀ ਹੋ ਕੇ ਉਸ ਨੇ ਮੀਨਾਂ ਦੇ ਮੂੰਹ ਤੇ ਕਹਿ ਦਿਤਾ ਸੀ — ਹੁਣ ਤਾਂ ਇਹ ਮਰ ਹੀ ਜਾਏ ਤਾਂ ਚੰਗਾ ਹੈ।

ਸ਼ਾਲੂ ਨੂੰ ਦਫ਼ਨਾ ਕੇ ਘਰ ਨੂੰ ਮੁੜਦੇ ਉਹ ਰੁੱਖਾਂ ਤੇ ਸਿਰ ਮਾਰ ਮਾਰ ਕੇ ਰੋਂਦਾ ਰਿਹਾ ਸੀ। ਉਹ ਸ਼ਾਇਦ ਪਾਗਲ ਹੀ ਹੋ ਜਾਂਦਾ। ਪਰ ਮੀਨਾਂ ਨੇ ਹੀ ਉਸ ਨੂੰ ਸੰਭਾਲ ਲਿਆ ਸੀ। "— ਤੁਸੀਂ ਕਿਉਂ ਰੋ ਕੇ ਜਾਨ ਗਵਾਉਂਦੇ ਹੋ। ਹੋਣੀ ਦੇ ਅੱਗੇ ਭਲਾ ਕਿਸ ਦਾ ਜ਼ੋਰ ਹੈ। ਤੁਸੀਂ ਹੀ ਢੇਰੀ ਢਾਹ ਬੈਠੋਗੇ ਤਾਂ ਸਾਡਾ ਕੀ ਬਣੇਗਾ। ਤੁਸੀਂ ਸਲਾਮਤ ਰਹੋ, ਸਾਡੇ ਲਈ ਇਹੋ ਬਹੁਤ ਹੈ. ਬੱਚੇ ਹੋਰ ਹੋ ਜਾਣਗੇ, ਕਹਿੰਦੇ ਹੋਏ ਉਸ ਨੇ ਪੱਪੂ ਨੂੰ ਉਸ ਦੀ ਗੋਦੀ ਵਿਚ ਬਿਠਾ ਦਿੱਤਾ ਸੀ — ਲਉ ਇਸ ਨੂੰ ਸਾਂਭੋ।"

ਨੌਕਰੀ ਵਿਚ ਰਹਿੰਦੇ ਹੋਏ ਵੀ ਉਹ ਕਦੇ ਏਨੇ ਜੋਗਾ ਨਹੀਂ ਹੋਇਆ ਸੀ ਕਿ ਮੀਨਾ ਨੂੰ ਮਨ-ਮਰਜ਼ੀ ਦਾ ਦਿਨ ਜੀਉਣ ਨੂੰ ਦੇਵੇ ਪਰ ਮੀਨਾ ਨੇ ਹੀ ਆਪਣੇ ਆਪ ਨੂੰ ਉਸ ਹੱਦ ਅੰਦਰ ਇਸ ਤਰ੍ਹਾਂ ਸਮੇਟ ਲਿਆ ਕਿ ਉਨ੍ਹਾਂ ਨੂੰ ਕਦੇ ਕਿਸੇ ਚੀਜ਼ ਦਾ ਘਾਟਾ ਨਹੀਂ ਅੱਖਰਿਆ। ਨੌਕਰੀ ਦੇ ਬਾਅਦ ਵੀ ਇਨ੍ਹਾਂ ਹਾਲਤਾਂ ਵਿਚ ਵੀ ਮੀਨਾਂ ਨੇ ਉਸ ਨੂੰ ਆਪਣੇ ਗਿਰਦ ਸੁਰੱਖਿਆ ਦੀ ਨੀਂਹ ਦਾ ਆਧਾਰ ਹੀ ਸਮਝਿਆ। ਪਰ ਉਹ ਖ਼ੁਦ ਹੀ ਕਮਜ਼ੋਰ ਨਿਕਲਿਆ। ਇਸ ਨੀਂਹ ਵਿਚ ਛੇਕ ਕਰਦਾ ਰਿਹਾ ਅਤੇ ਜਦ ਉਹ ਅੱਜ ਹਾਰ ਹੀ ਮੰਨ ਗਿਆ ਤਾਂ ਮੀਨਾਂ ਨੇ ਵਾਗ ਡੋਰ ਆਪਣੇ ਹੱਥ ਵਿਚ ਸੰਭਾਲਣ ਦੀ ਠਾਨ ਲਈ...ਯਾਨਿ ਜਿਥੇ ਜਾ ਕੇ ਉਸ ਨੇ ਹਥਿਆਰ ਸੁਟ ਦਿਤੇ ਉਥੋਂ ਹੀ ਮੀਨਾਂ ਨੇ ਫਿਰ ਸ਼ੁਰੂ ਕਰ ਦਿਤਾ ? ਸੋਚ ਕੇ ਉਸ ਦਾ ਮਨ ਆਤਮ ਹੀਣਤਾ ਨਾਲ ਭਰ ਉਠਿਆ।

— ਕਿਉਂ ਜਨਾਬ ਕੀ ਹਾਲ ਚਾਲ ਨੇ ? ਅਚਾਨਕ ਹੀ ਉਹ ਚੌਂਕ ਪਿਆ। ਮਾਲਕ ਮਕਾਨ ਕਿਸੇ ਵੱਖੀਉਂ ਨਿਕਲ ਉਸ ਦੇ ਨਾਲ ਨਾਲ ਚੱਲਣ ਲੱਗਾ।

— ਨਮਸਤੇ ਲਾਲਾ ਜੀ। ਉਸ ਨੇ ਦੋਵੇਂ ਹੱਥ ਜੋੜ ਦਿਤੇ।

— ਵਾਹ-ਵਾਹ, ਕਿਆ ਅਦਾ ਹੈ ਆਪ ਕੀ ਮਨੋਕਿ ਜਵਾਬ ਨਹੀਂ ਆਪ ਕਾ, ਮਾਲਕ ਮਕਾਨ ਨੇ ਉਸ ਦੀ ਨਮਸਤੇ ਦੀ ਪ੍ਰਵਾਹ ਨਹੀਂ ਕੀਤੀ — "ਯੂ ਬਣ ਰਹੇ ਹੈਂ ਜੈਸੇ ਕੁਝ ਯਾਦ ਹੀ ਨਹੀਂ। ਯਾਦ ਹੈ ਕਰਾਇਆ ਦੇਨੇ ਕੇ ਲੀਏ ਆਜ ਮੁਝੇ ਘਰ ਬੁਲਾਇਆ ਥਾ ਜਨਾਬ ਨੇ ਔਰ ਮੈਂ ਮਨੋਕਿ ਹਜ਼ੂਰ ਕੀ ਧਰਮ ਪਤਨੀ ਕੇ ਦਰਸ਼ਨ ਕਰਕੇ ਆ ਰਹਾ ਹੂੰ।

— ਜੀ ਲਾਲਾ ਜੀ, ਉਹ ਗੱਲ ਇਹ ਹੈ ਕਿ ਮੈਂ ਉਸੇ ਦਾ ਇੰਤਜ਼ਾਮ ਕਰਨ ਜਾ ਰਿਹਾ ਸੀ।

— ਮਨੋਕਿ ਆਜ ਭੀ ਨਹੀਂ ਹੂਆ ?

— ਜੀ ਅੱਜ ਤਾਂ ਨਹੀਂ ਹੋਇਆ।

— ਤੋ ਫਿਰ ਕਬ ਹੋਗਾ। ਆਠ ਮਹੀਨੇ ਹੋ ਗਏ ਆਪ ਮਕਾਨ ਕੋ ਮਨੋਕਿ ਬਾਪ ਕੀ ਜਾਇਦਾਦ ਸਮਝ ਕਰ ਡੇਰਾ ਜਮਾਈ ਬੈਠੇ ਹੈਂ ਮੇਰੇ ਭੀ ਬਾਲ ਬੱਚੇ ਹੈਂ ਮੁਝੇ ਰੋਟੀਆਂ ਮਨੋਕਿ ਲੰਗਰ ਮੇਂ ਸੇ ਤੋ ਨਹੀਂ ਮਿਲਤੀਂ ?

— ਤੁਸੀਂ ਗ਼ਲਤ ਨਾ ਸਮਝੋ ਲਾਲਾ ਜੀ, ਮੈਂ ਤਾਂ ਆਪ ਚਾਹੁੰਦਾ ਹਾਂ ਕਿ ਜਿੰਨੀ ਜਲਦੀ ਹੋ ਸਕੇ ਕਰਾਇਆ ਦੇ ਦੇਵਾਂ। ਮਗਰ...

— ਅਗਰ ਮਗਰ ਛੋੜੀਏ। ਮੈਂ ਸਭ ਸਮਝਤਾ ਹੂੰ। ਅਬ ਆਖ਼ਰੀ ਦਫ਼ਾ ਰਜਿਸਟਰ ਮੇਂ ਦਰਜ ਕਰ ਲੀਜੀਏ...ਐਤਵਾਰ ਤੱਕ ਹਿਸਾਬ ਚੁਕਤਾ ਨਾ ਹੂਆ ਤੋ ਮਨੋਕਿ ਖ਼ੁਦ ਸਮਝ ਲੇਨਾ। ਅੱਬ ਤਕ ਤੁਮਾਰੇ ਬੀਵੀ ਬੱਚੋਂ ਪਰ ਤਰਸ ਖਾਤਾ ਰਹਾ...ਇਤਵਾਰ ਕੋ ਫੇ ਭੀ ਗਲੀ ਮੇਂ ਦਿਖਾਈ ਦੇਂਗੇ — ਹਾਂ।

ਮਾਲਕ ਮਕਾਨ ਸੋਟੀ ਨੂੰ ਖੜਕਾਉਂਦਾ ਹੋਇਆ ਦੂਜੇ ਪਾਸੇ ਚਲਾ ਗਿਆ ਤਾਂ ਬੇਇੱਜ਼ਤ ਹੋਣ ਦੇ ਬਾਵਜੂਦ ਉਸ ਨੂੰ ਖ਼ਿਆਲ ਆਇਆ ਕਿ ਉਹ ਉਸ ਨੂੰ ਹੀ ਕਿਉਂ ਨਾ ਰੋਕ ਲਵੇ, ਪੈਸੇ ਵਾਲਾ ਵੀ ਹੈ ਅਤੇ ਸ਼ੌਕੀਨ ਵੀ। ਮੰਨ ਜਾਵੇਗਾ। ਉਂ ਵੀ ਮੀਨਾ ਅੱਗੇ ਇਸ ਦੀ ਸਾਰੀ ਖ਼ੁਸ਼ਕੀ ਕਿਸ ਤਰ੍ਹਾਂ ਖ਼ੁਸ਼ਾਮਦ ਵਿਚ ਬਦਲ ਜਾਂਦੀ ਹੈ। ਉਹ ਕਈ ਵਾਰ ਪੈਰ ਪਟਕਦਾ ਆਇਆ ਹੈ ਅਤੇ ਮੀਨਾ ਨਾਲ ਮੁਲਾਕਾਤ ਹੋਣ ਤੇ ਹੀਂ ਹੀਂ ਕਰਦਾ ਮੁੜ ਗਿਆ ਹੈ।

— ਜ਼ਰਾ ਸੁਨਣਾ। ਉਸ ਨੇ ਮਕਾਨ ਮਾਲਕ ਨੂੰ ਬੁਲਾ ਲਿਆ।

— ਕਿਆ ਹੈ ? ਉਹ ਉਥੋਂ ਹੀ ਮੁੜ ਕੇ ਉਸ ਦੇ ਵਲ ਵਧਣ ਲਗਾ।

ਹੁਣ ਉਸ ਨੂੰ ਲਗਾ ਕਿ ਉਹ ਗ਼ਲਤੀ ਕਰ ਬੈਠਾ ਹੈ। ਨਹੀਂ, ਇਹ ਠੀਕ ਨਹੀਂ, ਏਨਾ ਭੈੜਾ...ਚੌਵੀ ਘੰਟੇ ਤਮਾਕੂ ਖਾਂਦਾ ਰਹਿੰਦਾ ਹੈ। ਮੀਨਾ ਨੂੰ ਤਮਾਕੂ ਨਾਲ ਸਖ਼ਤ ਨਫ਼ਰਤ ਹੈ। ਇਹਦੇ ਨਾਂ ਤੋਂ ਹੀ ਉਸ ਨੂੰ ਚਿੜ੍ਹ ਹੈ।

 ਇਸ ਨੂੰ ਸਾਹਮਣੇ ਪਾ ਕੇ ਉਹ ਪਾਗਲ ਹੋ ਜਾਵੇਗੀ।

— ਕਹੀਏ, ਮਾਲਕ ਮਕਾਨ ਨੇ ਉਸ ਦੇ ਲਾਗੇ ਆ ਕੇ ਸੋਟੀ ਟਿਕਾਉਂਦੇ ਹੋਏ ਝੁਕ ਕੇ ਪੁੱਛਿਆ — ਮਨੋਕਿ ਕਿਆ ਬਾਤ ਹੈ ?

— ਕੁਝ ਨਹੀਂ ਕੁਝ ਵੀ ਤੇ ਨਹੀਂ, ਉਹ ਸਕਪਕਾ ਗਿਆ — ਮੈਂ ਕਹਿ ਰਿਹਾ ਸੀ ਐਤਵਾਰ ਤੱਕ ਪੈਸੇ ਆਪ ਹੀ ਪੁਚਾ ਦੇਵਾਂਗਾ। ਤੁਹਾਨੂੰ ਆਉਣ ਦੀ ਜ਼ਰੂਰਤ ਨਹੀਂ ਪਏਗੀ।...ਮੈਂ ਕੋਸ਼ਿਸ਼ ਕਰਾਂਗਾ ਕਿ ਐਤਵਾਰ ਤੋਂ ਪਹਿਲਾਂ ਹੀ...। ਉਹ ਬੋਂਦਲਿਆ ਹੋਇਆ ਅੱਗੇ ਵੱਧ ਗਿਆ ਅਤੇ ਮਕਾਨ ਮਾਲਕ ਹੈਰਾਨ ਜਿਹਾ ਖੜਾ ਉਸ ਨੂੰ ਵੇਖਦਾ ਰਹਿ ਗਿਆ।

ਬਜ਼ਾਰ ਵਿਚੋਂ ਲੰਘਦੇ ਹੋਏ ਉਸ ਨੂੰ ਫਿਰ ਹੂਟਰ ਸੁਣਾਈ ਦਿਤਾ। ਉਹ ਕੰਬ ਗਿਆ। ਇਹ ਹੂਟਰ ਉਸ ਦਾ ਪਿੱਛਾ ਕਿਉਂ ਨਹੀਂ ਛਡਦੇ ?

ਕਾਰਖ਼ਾਨੇ ਵਿਚ ਦੂਸਰੀ ਸ਼ਿਫ਼ਟ ਸ਼ੁਰੂ ਹੋ ਰਹੀ ਸੀ। ਉਸ ਦੀ ਨੌਕਰੀ ਵੀ ਲਗੀ ਰਹੀ ਹੁੰਦੀ, ਤਾਂ ਉਹ ਵੀ ਇਸ ਵਕਤ ਆਪਣੀ ਖ਼ਰਾਦ ਸਾਫ਼ ਕਰਕੇ ਅਗਰ ਬੱਤੀ ਧੁਖਾ ਰਿਹਾ ਹੁੰਦਾ।

ਉਹ ਹਮੇਸ਼ਾ ਹੀ ਸ਼ਿਫ਼ਟ ਸ਼ੁਰੂ ਹੋਣ ਤੋਂ ਅੱਠ ਦਸ ਮਿੰਟ ਪਹਿਲਾਂ ਪਹੁੰਚ ਜਾਂਦਾ ਸੀ ਅਤੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਖ਼ਰਾਦ ਨੂੰ ਚੰਗੀ ਤਰ੍ਹਾਂ ਰਗੜ-ਪੂੰਝ ਕੇ ਉਹਦੀ ਬਕਾਇਦਾ ਪ੍ਰਾਰਥਨਾ ਕਰਦਾ ਸੀ। ਜਦ ਕਿ ਘਰ ਵਿਚ ਉਸ ਨੇ ਕੰਧ ਦੇ ਆਲੇ ਵਿਚ ਮੀਨਾ ਦੇ ਬਣਾਏ ਹੋਏ ਮੰਦਰ ਦਾ ਪੜਦਾ ਉਠਾ ਕੇ ਉਸ ਵਿਚ ਕਦੀ ਝਾਕਿਆ ਵੀ ਨਹੀਂ ਸੀ। ਖ਼ਰਾਦ ਹੀ ਉਸ ਦੀ ਰੋਜ਼ੀ-ਰੋਟੀ ਸੀ। ਇਸ ਲਈ ਉਹੀ ਉਸ ਦਾ ਰੱਬ ਸੀ। ਅਤੇ ਉਹਦਾ ਵਿਸ਼ਵਾਸ਼ ਸੀ ਕਿ ਉਸ ਦੀ ਇਸ ਭਾਵਨਾ ਦਾ ਹੀ ਪ੍ਰਤਾਪ ਹੈ ਕਿ ਜਿਸ ਤਰ੍ਹਾਂ ਪ੍ਰਮਾਤਮਾਂ ਭਗਤਾਂ ਦੇ ਦਾਸ ਹੋ ਜਾਂਦੇ ਹਨ ਉਸੇ ਤਰ੍ਹਾਂ ਮਸ਼ੀਨ ਵੀ ਉਸ ਦੀ ਦਾਸ ਹੋ ਕੇ ਕੰਮ ਕਰਦੀ ਹੈ।

ਉਸ ਨੇ ਲੰਮਾ ਹਉਕਾ ਲਿਆ। ਉਹ ਕਿੰਨੇ ਵੱਡੇ ਭਰਮ ਵਿਚ ਸੀ। ਦਸ ਸਾਲ ਤਕ ਬੇਵਕੂਫ਼ ਬਣਿਆ ਰਿਹਾ। ਤਦ ਜਾ ਕੇ ਕਿਤੇ ਉਸ ਨੂੰ ਸਮਝ ਆਈ ਕਿ ਮਸ਼ੀਨਾਂ ਮਜ਼ਦੂਰਾਂ ਦੀਆਂ ਨਹੀਂ, ਹੂਟਰ ਦੀ ਗ਼ੁਲਾਮ ਹਨ। ਹੂਟਰ ਵਜਦਾ ਹੈ ਚਲਦੀਆਂ ਹਨ। ਹੂਟਰ ਵਜਦਾ ਹੈ ਰੁਕ ਜਾਂਦੀਆਂ ਹਨ। ਅਤੇ ਹੂਟਰ ਨਹੀਂ ਵਜਦਾ ਭਾਵੇਂ ਕੋਈ ਕਿੰਨੀਆਂ ਵੀ ਅਗਰ ਬੱਤੀਆਂ ਕਿਉਂ ਨਾ ਧੁਖਾਏ ਪਿਆ, ਟੱਸ ਤੋਂ ਮਸ ਨਹੀਂ ਹੁੰਦੀਆਂ। ਸੁਗੰਧਦਾਰ ਅਗਰਬਤੀਆਂ ਦੀ ਖ਼ੁਸ਼ਬੂ, ਕਾਰਖ਼ਾਨੇ ਦੀ ਚਿਮਨੀ ਦੇ ਬਦਬੂਦਾਰ ਧੂੰਏਂ ਵਿਚ ਲੀਨ ਹੋ ਜਾਂਦੀ ਹੈ। ਅਤੇ ਕਾਰਖ਼ਾਨੇ ਦੇ ਬਿਲਕੁਲ ਬਾਹਰ ਸੂਚਨਾ ਲਟਕਾ ਦਿਤੀ ਜਾਂਦੀ ਹੈ — ਲੇ ਆਫ਼।

ਉਹ ਅੱਧ ਮੋਇਆ ਜਿਹਾ ਹੋ ਗਿਆ। ਉਸ ਦੀਆਂ ਪੁੜਪੁੜੀਆਂ ਦੁੱਖਣ ਲਗੀਆਂ। ਹੁਣ ਲਗ ਭਗ ਹਰ ਰੋਜ਼ ਇਹ ਹੋਣ ਲਗਾ ਸੀ। ਪੁੜਪੁੜੀਆਂ ਦੇ ਵਿਚੋਂ ਦੋ ਗਿਲਟ ਹੂਟਰ ਦੀ ਲਹਿਰ ਦੀ ਤਰ੍ਹਾਂ ਕੰਬਦੇ ਹੋਏ ਤਾਲੂ 'ਚ ਪਹੁੰਚ ਕੇ ਬਰਾਬਰ ਟਕਰਾ ਜਾਂਦੇ। ਉਸ ਦਾ ਸਿਰ ਫਟਣ ਲਗਦਾ ਅਤੇ ਫਿਰ ਉਸ ਨੂੰ ਕੋਈ ਹੋਸ਼ ਨਾ ਰਹਿੰਦੀ। ਦੋ-ਤਿੰਨ ਵਾਰ ਉਹ ਸੜਕ ਤੇ ਚਲਦੇ ਚਲਦੇ ਡਿੱਗ ਵੀ ਪਿਆ ਸੀ।

ਉਸ ਦਾ ਜੀਅ ਕੀਤਾ ਕਿ ਇਕ ਕੱਪ ਚਾਹ ਦਾ ਪੀ ਲਵੇ। ਜੇਬ 'ਚ ਪੈਸੇ ਨਾ ਹੋਣ ਦੇ ਬਾਰੇ ਵਿਚ ਉਸ ਨੇ ਜ਼ਿਆਦਾ ਨਾ ਸੋਚਿਆ। ਬਾਜ਼ਾਰ ਵਿਚੋਂ ਹੀ ਨਿਕਲਦੀ ਇਕ ਗਲੀ ਵਿਚ ਮੁੜ ਕੇ ਪ੍ਰਕਾਸ਼ ਦੇ ਖੋਖੇ ਵਲ ਵਧਣ ਲੱਗਾ।

ਪਿਛਲੇ ਸਵਾ ਸਾਲ 'ਚ ਉਹ ਪ੍ਰਕਾਸ਼ ਤੋਂ ਕਿੰਨੀ ਚਾਹ ਪੀ ਚੁੱਕਾ ਹੈ। ਇਸ ਦਾ ਕੋਈ ਲੇਖਾ ਨਹੀਂ। ਕਈ ਵਾਰ ਤਾਂ ਉਹ ਰੋਟੀ ਨਾ ਪੱਕਣ ਕਾਰਨ ਮੀਨਾਂ ਤੇ ਬੱਚਿਆਂ ਨੂੰ ਵੀ ਉਥੇ ਲੈ ਗਿਆ ਸੀ। ਪ੍ਰਕਾਸ਼ ਨੇ ਕਦੇ ਮੱਥੇ ਵੱਟ ਨਹੀਂ ਪਾਇਆ। ਉਹ ਖੋਖੇ ਤੇ ਪਹੁੰਚ ਜਾਏ ਸਹੀ ਨਾਂਹ ਨਾਂਹ ਕਰਦੇ ਵੀ ਚਾਹ ਬਦੋ ਬਦੀ ਪਿਆ ਦਿੰਦਾ ਹੈ। ਅਤੇ ਹੁਣ ਤਾਂ ਕਦੀ ਕਦੀ ਉਸ ਤੋਂ ਹੁਦਾਰ ਫੜੇ ਪੈਸੇ ਵੀ ਏਨੇ ਹੋ ਗਏ ਹਨ ਕਿ ਹੋਰ ਮੰਗਣ ਦਾ ਹੌਸਲਾ ਹੀ ਨਹੀਂ ਪੈਂਦਾ। ਪ੍ਰਕਾਸ਼ ਉਸ ਦੇ ਔਖੇ ਸਮੇਂ ਆਉਣ ਵਾਲਾ ਸਾਥੀ ਹੈ। ਸੋਚ ਕੇ ਮਨ ਹੀ ਮਨ ਉਸ ਦਾ ਰਿਣੀ ਹੁੰਦੇ ਹੋਏ ਅਚਾਨਕ ਉਸ ਦੇ ਚੇਹਰੇ ਤੇ ਸੰਜੀਦਗੀ ਛਾ ਗਈ। ਉਸ ਨੂੰ ਲੱਗਾ ਕਿ ਮੀਨਾ ਰਾਹੀਂ ਉਹ ਪ੍ਰਕਾਸ਼ ਦਾ ਸਾਰਾ ਕਰਜ਼ਾ ਅਹਿਸਾਨ ਉਤਾਰ ਸਕਦਾ ਹੈ। ਪ੍ਰਕਾਸ਼ ਮੌਜ ਮੇਲਾ ਕਰਨ ਵਾਲਾ ਆਦਮੀ ਹੈ। ਆਮ ਤੌਰ ਤੇ ਆਪਣ ਕੋਠਿਆਂ ਤੇ ਜਾਣ ਦੇ ਕਿੱਸੇ ਸੁਣਾਇਆ ਕਰਦਾ ਹੈ। ਅਤੇ ਮੀਨਾ ਦੇ ਰੰਗ ਰੂਪ ਤੋਂ ਵੀ ਪ੍ਰਭਾਵਿਤ ਹੈ।

ਪ੍ਰਕਾਸ਼ ਪਹਿਲੀਵਾਰ ਉਸਦੇ ਘਰ ਆਇਆ ਸੀ ਤਾਂ ਮੁੜਨ ਤੇ ਉਹ ਉਸਨੂੰ ਡੰਡੀ ਤਕ ਛੱਡਣ ਆਇਆ ਸੀ।

— ਯਾਰ ਪ੍ਰਕਾਸ਼, ਤੂੰ ਆਇਆ ਵੀ ਤੇ ਜਾ ਵੀ ਰਿਹਾ ਏਂ। ਕੁਝ ਖਾਧਾ ਪੀਤਾ ਤਾਂ ਹੈ ਨਹੀਂ।

— ਕੀ ਖਾਵਾਂ ਯਾਰ, ਪ੍ਰਕਾਸ਼ ਨੇ ਸ਼ਰਾਰਤੀ ਹੁੰਦੇ ਕਿਹਾ ਸੀ — ਏਨੀ ਖ਼ੂਬਸੂਰਤ ਭਰਜਾਈ ਵੇਖ ਕੇ ਢਿੱਡ ਤਾਂ ਉਂਝ ਹੀ ਭਰ ਗਿਆ।

ਫਿਰ ਇਸ ਕੰਮ ਲਈ ਉਸ ਨੇ ਸੁਣ ਰੱਖਿਆ ਹੈ ਕਿ ਅਕਸਰ ਇਕ ਅੱਡੇ ਦੀ ਵੀ ਜ਼ਰੂਰਤ ਹੁੰਦੀ ਹੈ। ਉਸ ਨੇ ਸੋਚਿਆ — ਪ੍ਰਕਾਸ਼ ਮੰਨ ਗਿਆ ਤਾਂ ਉਸ ਦੇ ਖੋਖੇ ਨੂੰ ਹੀ ਅੱਡਾ ਬਣਾ ਲਵੇਗਾ।

ਪਰ ਪ੍ਰਕਾਸ਼ ਨਜ਼ਰੀਂ ਪੈਂਦੇ ਹੀ ਉਸ ਦੀ ਸਾਰੀ ਯੋਜਨਾ ਧਰੀ ਧਰਾਈ ਰਹਿ ਗਈ। ਪ੍ਰਕਾਸ਼ ਉਸ ਦਾ ਵਾਕਫ਼ ਹੈ। ਉਸ ਦੇ ਵਾਕਫ਼ਕਾਰਾਂ ਨੂੰ ਵੀ ਉਹ ਜਾਣਦਾ ਹੈ। ਇਸ ਤਰ੍ਹਾਂ ਨਾਲ ਤਾਂ ਗੱਲ ਫੈਲ ਜਾਵੇਗੀ। ਉਹ ਕਿਸੇ ਨੂੰ ਕੁਝ ਵੀ ਨਾ ਕਹੇ ਤਾਂ ਵੀ, ਮੀਨਾ ਨੇ ਤਾਂ ਉਸ ਨੂੰ ਹਮੇਸ਼ਾ ਛੋਟੇ ਦਿਉਰ ਵਾਂਗ ਸਮਝ ਕੇ ਪਿਆਰ ਦਿਤਾ ਹੈ। ਉਸ ਨੂੰ ਗਾਹਕ ਦੇ ਰੂਪ ਵਿਚ ਸਾਹਮਣੇ ਵੇਖ ਕੇ ਤਾਂ ਉਹ ਕਿਸੇ ਨੂੰ ਮੂੰਹ ਨਹੀਂ ਦਿਖਾਏਗੀ। ਆਤਮ ਹੱਤਿਆ ਕਰ ਲਵੇਗੀ। ਅਤੇ ਅੱਡਾ ਬਨਾਉਣ ਦੀ ਗੱਲ ਤਾਂ ਸੋਚਣਾ ਹੀ ਫਜ਼ੂਲ ਹੈ। ਉਸ ਨੇ ਕਿਹੜਾ ਉਮਰ

ਭਰ ਇਹੀ ਧੰਦਾ ਕਰਵਾਉਣਾ ਹੈ ਮੀਨਾ ਤੋਂ। ਉਹ ਕੰਮ ਦੀ ਭਾਲ ਵਿਚ ਹੈ। ਕੰਮ ਮਿਲਦੇ ਹੀ ਉਹ ਉਸ ਨੂੰ ਘਰ ਦੀ ਰਾਣੀ ਬਣਾ ਦੇਵੇਗਾ।

ਰਾਣੀ। ਉਹ ਬੁੜ ਬੁੜਾਇਆ ਅਤੇ ਉਸ ਦੇ ਮੂੰਹ ਵਿਚ ਕੁੜੱਤਣ ਘੁਲ ਗਈ। ਉਸ ਨੇ ਅੰਦਾਜ਼ੇ ਨਾਲ ਹੀ ਕਾਰਖਾਨੇ ਵਲ ਮੂੰਹ ਕਰਕੇ ਥੁੱਕ ਦਿਤਾ।

— ਆ ਭਾਪੇ, ਪ੍ਰਕਾਸ਼ ਨੇ ਉਸ ਨੂੰ ਵੇਖਦੇ ਹੀ ਕਿਹਾ : ਬੜੇ ਟੈਮ ਤੇ ਆਇਆ। ਛੋਕਰੂ ਅੱਜ ਆਇਆ ਨਹੀਂ ਅਤੇ ਦੁੱਧ ਖ਼ਤਮ ਹੋ ਰਿਹਾ ਹੈ। ਤੂੰ ਜ਼ਰਾ ਦੁਕਾਨ ਵਲ ਨਿਗਾਹ ਰੱਖ.. ਮੈਂ ਦੁੱਧ ਲੈ ਕੇ ਆਇਆ।

— ਇਕ ਕੱਪ ਵੀ ਨਹੀਂ, ਬਣੇਗਾ ? ਉਸ ਨੇ ਪੁੱਛਿਆ।

— ਕੱਪ ਤਾਂ ਪੰਜ ਸਤ ਬਣ ਜਾਣਗੇ, ਪਰ ਟੈਮ ਨਿਕਲ ਗਿਆ ਤਾਂ ਦੁੱਧ ਨਹੀਂ ਮਿਲੇਗਾ। ਮੈਂ ਜਾਂਦਾਂ, ਆਪਣੇ ਲਈ ਤੂੰ ਖ਼ੁਦ ਬਣਾ ਲੈ।

ਚਾਹ ਬਣਾ ਕੇ ਉਹ ਪ੍ਰਕਾਸ਼ ਦੇ ਸਟੂਲ ਤੇ ਹੀ ਬੈਠ ਗਿਆ। ਖੋਖੇ ਵਿਚ ਉਸ ਦੇ ਪਿਛੇ ਹੀ ਕੁਝ ਡਰਾਈਵਰ ਕਿਸਮ ਦੇ ਲੋਕ ਬੈਠੇ ਸਨ। ਉਨ੍ਹਾਂ ਵਿਚੋਂ ਇਕ ਉਸ ਨੂੰ ਬੜੀ ਦੇਰ ਤੋਂ ਤੱਕ ਰਿਹਾ ਸੀ। ਪਰ ਉਹ ਉਸ ਵਲੋਂ ਬੇਪ੍ਰਵਾਹ ਬੈਠਾ ਚਾਹ ਦੇ ਘੁੱਟ ਭਰਦਾ ਰਿਹਾ। ਮਕਾਨ ਮਾਲਕ ਦੀ ਚਿਤਾਵਨੀ, ਹੋਟਲ ਵਾਲੇ ਦੀ ਧਮਕੀ, ਬਾਣੀਏ ਦਾ ਤਕਾਜ਼ਾ, ਦੁੱਧ ਵਾਲੇ ਦੀਆਂ ਬਦਤਮੀਜ਼ੀਆਂ, ਬੀਮਾਰ ਪੱਪੂ, ਅਤੇ ਸਿਰਫ਼ ਉਸ ਦੇ ਨਾਂ ਤੇ ਜੀ ਰਹੀ ਮੀਨਾ ਦੇ ਬਾਰੇ ਵਿਚ ਕਈ ਹਲਕੀਆਂ ਗਹਿਰੀਆਂ ਘੁੰਮਣ-ਘੇਰੀਆਂ ਉਸ ਦੇ ਦਿਮਾਗ਼ ਵਿਚ ਰਹਿ ਰਹਿ ਕੇ ਟੱਸ-ਟੱਸ ਕਰ ਰਹੀਆਂ ਸਨ।

ਉਸ ਨੇ ਚਾਹ ਦੇ ਦੋ ਚਾਰ ਘੁੱਟ ਭਰੇ ਹੋਣਗੇ ਕਿ ਖੋਖੇ ਵਿਚ ਬੈਠਿਆਂ ਆਦਮੀਆਂ ਵਿਚੋਂ ਇਕ ਅਜਨਬੀ ਨੇ ਉਸ ਨੂੰ ਬੁਲਾਂਦੇ ਕਿਹਾ — ਕਿਉਂ ਬਾਦਸ਼ਾਹੋ ਕੀ ਹਾਲ ਨੇ ?

— ਤੁਸੀਂ ਮੈਨੂੰ ਕੁਝ ਕਿਹਾ ? ਉਸ ਨੇ ਨਾਸਮਝ ਬਣਦੇ ਪੁਛਿਆ।

— ਹਾਂ ਜੀ ਤੁਹਾਨੂੰ ਹੀ ਕਿਹਾ ? ਅੱਜ ਬੜੇ ਉਦਾਸ ਬੈਠੇ ਹੋ ?

...ਮਾਫ਼ ਕਰਨਾ ਮੈਂ ਪਛਾਣਿਆ ਨਹੀਂ ਤੁਹਾਨੂੰ ?

— ਓ ਸਾਨੂੰ ਭੁਲ ਗਿਆਂ — ਜਯਪੁਰ ਵਿਚ ਬਾਈ ਪਾਸ ਵਾਲੇ ਢਾਬੇ ਤੇ ਮੁਲਾਕਾਤ ਹੋਈ ਸੀ। ਤੇਰੀਆਂ ਕੁੜੀਆਂ ਦੀ ਤਾਰੀਫ਼ ਤਾਂ ਆਪਾਂ ਬੰਬਈ ਤੱਕ ਕੀਤੀ ਹੈ। ਤੱਦ ਤਾਂ ਕਹਿੰਦਾ ਸੀ ਕਿ ਸੇਵਾ ਦਾ ਮੌਕਾ ਦਿਉ ਅੱਜ ਪਛਾਣਦਾ ਹੀ ਨਹੀਂ ?

ਅਚਾਨਕ ਉਹ ਸੰਭਲ ਗਿਆ। ਜਿਸ ਆਦਮੀ ਦੀ ਉਹ ਦੋ ਘੰਟਿਆਂ ਤੋਂ ਤਲਾਸ਼ ਕਰ ਰਿਹਾ ਸੀ ਉਹ ਤਾਂ ਇੱਥੇ ਸੀ। ਉਸ ਨੇ ਫਿਰ ਉਸ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਦੇਖਿਆ। ਉਹ ਉਸ ਨੂੰ ਬਿਲਕੁਲ ਠੀਕ ਗਾਹਕ ਲਗਾ। ਵਾਕਫ਼ ਵੀ ਨਹੀਂ ਅਤੇ ਉਸ ਦੇ ਵਾਕਫ਼ਕਾਰਾਂ ਵਿਚੋਂ ਦੂਰ ਦੂਰ ਤੱਕ ਕਿਸੇ ਨੂੰ ਵੀ ਪਹਿਚਾਣਦਾ। ਦਿਸਣ ਨੂੰ ਵੀ ਠੀਕ ਠਾਕ ਹੈ। ਇਸ ਸ਼ਹਿਰ ਵਿਚ ਵੀ ਨਹੀਂ ਰਹਿੰਦਾ। ਹਨੇਰੇ ਵਿਚ ਹੀ ਲੈ ਜਾਵਾਂਗਾ ਤਾਂ ਘਰ ਦੀ ਪਹਿਚਾਨ ਵੀ ਨਹੀਂ ਹੋਵੇਗੀ। ਘਰ ਦੀ ਪਹਿਚਾਨ ਹੋ ਜਾਵੇ ਤਾਂ ਲੋਕ ਮੂੰਹ ਚੁੱਕੀ ਆ ਕੇ ਦਰਵਾਜ਼ਾ ਖੜਕਾਉਣ ਲਗਦੇ ਹਨ। ਮਨ ਹੀ ਮਨ ਉਸ ਨੇ ਫ਼ੈਸਲਾ ਕੀਤਾ ਕਿ ਘਰ ਵਿਚ ਵੀ ਉਸ ਨੂੰ ਹਨੇਰੇ ਵਿਚ ਹੀ ਰਖੇਗਾ ਤਾਂ ਜੋ ਫਿਰ ਕਦੀ ਮੀਨਾ ਨੂੰ ਵੀ ਨਾਂ ਪਹਿਚਾਨ ਸਕੇ।

ਉਹ ਬੜੇ ਨਾਟਕੀ ਢੰਗ ਨਾਲ ਮੁਸਕਰਾ ਪਿਆ — ਉਹੋ ਤਾਂ ਤੁਸੀਂ ਹੋ। ਮਾਫ਼ ਕਰਨਾ ਮੈਂ ਪਹਿਚਾਣ ਨਹੀਂ ਸਕਿਆ — ਜ਼ਰਾ ਪਰੇਸ਼ਾਨ ਸੀ।

— ਅਜ ਇਥੇ ਕਿਵੇਂ ? ਅਜਨਬੀ ਹੁਣ ਤਕ ਕਾਫ਼ੀ ਖੁਲ੍ਹ ਗਿਆ ਸੀ।

— ਹੁਣ ਮੈਂ ਇਥੇ ਹੀ ਆ ਗਿਆ ਹਾਂ। ਉਥੇ ਧੰਧਾ ਜ਼ਰਾ ਮੰਦਾ ਪੈ ਗਿਆ ਸੀ। ਉਹ ਵੀ ਹਵਾਈ ਕਿਲੇ ਬਨਾਉਣ ਲਗਾ।

— ਤਾਂ ਹੋ ਜਾਏ ਫਿਰ ਅੱਜ ਵੀ ?

— ਹੋ ਜਾਏ। ਉਹ ਅਜਨਬੀ ਵਾਂਗ ਹੀ ਚਹਿਕ ਉਠਿਆ।

— ਬੋਲ ਕੀ ਲਵੇਂਗਾ ?

— ਜੋ ਮਰਜ਼ੀ ਆਏ ਦੇ ਦੇਣਾ।

— ਨਾ ਬਾਦਸ਼ਾਹੋ ਆਪੇ ਹੀ ਦਸ ਦਿਉ।

ਉਹ ਦੁਚਿਤੀ ਵਿਚ ਪੈ ਗਿਆ। ਉਸ ਨੂੰ ਕੀ ਪਤਾ ਕਿ ਕਿਸ ਹਿਸਾਬ ਨਾਲ ਕਿੰਨੇ ਪੈਸੇ ਲੈਣੇ ਹੁੰਦੇ ਹਨ। ਉਹ ਕੁਝ ਤਹਿ ਨਹੀਂ ਕਰ ਸਕਿਆ। ਫਿਰ ਵੀ ਗੱਲ ਨੂੰ ਜਾਰੀ ਰਖਣ ਦੇ ਲਈ ਝਿਝਕਦੇ ਝਿਝਕਦੇ ਬੋਲਿਆ — ਹੁਣ ਤੁਹਾਡੇ ਤੋਂ ਜ਼ਿਆਦਾ ਥੋੜੇ ਲੈਣੇ ਨੇ — ਪੰਜਾਹ ਦੇ ਦੇਣਾ।

— ਬੱਸ ਬੱਸ ? ਅਜਨਬੀ ਨੇ ਹੈਰਾਨੀ ਨਾਲ ਕਿਹਾ — ਦੇਖ ਲਓ ਬਾਦਸ਼ਾਹੋ, ਮਗਰੋਂ ਰਫੜ ਨਹੀਂ ਪੈਣਾ ਚਾਹੀਦਾ...ਅਸੀਂ ਛੇ ਆਦਮੀ ਹਾਂ।

— ਕੀ ? ਉਹ ਹੱਕਾ ਬੱਕਾ ਰਹਿ ਗਿਆ। ਇਹ ਵਿਚਾਰ ਤਾਂ ਉਸ ਨੂੰ ਹੁਣ ਆਇਆ ਕਿ ਉਹ ਪੂਰੇ ਛੇ ਆਦਮੀ ਹਨ। ਇਕਠੇ ਛੇ ਆਦਮੀ ਅਤੇ ਇਕ ਔਰਤ ! ਇਕ ਔਰਤ ਯਾਨਿ ਮੀਨਾ ਅਤੇ ਇਹ ਸਭ ਕਾਮਗ੍ਰਸਤ। ਇਕੋ ਵਾਰ ਇਕੱਠੇ। ਉਹ ਭਲਾ ਕਿਥੇ ਸ...ਹਾ...ਰ ਸਕੇਗੀ। ਉਹ ਤਾਂ ਉਂਝ ਹੀ ਬਹੁਤ ਸੰਜਮੀ ਹੈ। ਵਾਸ਼ਨਾ

ਨੂੰ ਉਸ ਨੇ ਮੌਜ ਮੇਲਾ ਕਦੀ ਨਹੀਂ ਸਮਝਿਆ। ਸਰੀਰਕ ਅਨੰਦ ਵੀ ਨਹੀਂ। ਬੱਸ ਕੇਵਲ ਲੋੜ ਦੇ ਲਈ ਹੀ ਉਸ ਦੀ ਵਰਤੋਂ ਕਰਦੀ ਹੈ। ਇਸ ਮਾਮਲੇ ਵਿਚ ਉਹ ਏਨੀ ਸੁਚੇਤ ਨਾ ਹੁੰਦੀ ਤਾਂ ਦਸ ਸਾਲ ਵਿਚ ਉਨ੍ਹਾਂ ਦੇ ਛੇ ਸੱਤ ਬੱਚੇ ਤਾਂ ਹੋ ਹੀ ਗਏ ਹੁੰਦੇ।

ਉਸ ਨੂੰ ਕੋਈ ਉਤਰ ਨਾ ਔੜਿਆ। ਪ੍ਰਕਾਸ਼ ਨੂੰ ਆਉਂਦਾ ਵੇਖ ਤਾਂ ਉਹ ਸਤਹੀਣ ਹੋ ਗਿਆ ਅਤੇ ਘਬਰਾਹਟ ਵਿਚ ਹੀ ਬਾਕੀ ਦੀ ਬਚੀ ਚਾਹ ਇਕੋ ਹੀ ਘੁਟ ਨਾਲ ਸੁੜਕ ਤੇ ਖੜਾ ਹੋ ਗਿਆ।

— ਕਿਥੇ ਚਲਿਆਂ ? ਅਜਨਬੀ ਨੇ ਪੁੱਛਿਆ।

...ਮਾਫ਼ ਕਰਨਾ.. ਮੈਂ ਤਾਂ ਊਂ ਹੀ ਮਖੌਲ ਕਰ ਰਿਹਾ ਸੀ...ਮੈਂ ਉਹ ਆਦਮੀ ਨਹੀਂ ਹਾਂ, ਕਹਿੰਦਾ ਹੋਇਆ ਉਹ ਪ੍ਰਕਾਸ਼ ਵੱਲ ਦੇਖ ਕੇ ਅੱਖਾਂ ਚੁਰਾਂਦੇ ਬਾਹਰ ਨਿਕਲ ਗਿਆ।

ਰਾਤ ਤੇਜ਼ੀ ਨਾਲ ਬਕਬਕੀ ਹੁੰਦੀ ਜਾ ਰਹੀ ਸੀ। ਸਾਢੇ ਅੱਠ ਵਜੇ ਵਾਲੀ ਗੱਡੀ ਆ ਚੁੱਕੀ ਸੀ। ਮੁਸਾਫ਼ਰਾਂ ਦੀ ਆਵਾਜਾਈ ਨਾਲ ਰੇਲਵੇ ਰੋਡ ਤੇ ਸ਼ੋਰ ਸ਼ਰਾਬਾ ਸੀ। ਸਾਹਮਣੇ ਮੰਦਰ ਸੀ। ਉਧਰੋਂ ਨੂੰ ਜਾਂਦੇ ਇਕ ਪੁਰਾਣੇ ਵਾਕਫ਼ਕਾਰ ਨੇ ਉਸ ਨੂੰ ਪ੍ਰਸ਼ਾਦ ਦਿਤਾ, ਤਾਂ ਉਹ ਮੰਦਰ ਦੇ ਨਜ਼ਦੀਕ ਖਲੋ ਗਿਆ। ਮੰਦਰ ਵਿਚ ਬਹੁਤ ਸਾਰੇ ਲੋਕ ਆ ਜਾ ਰਹੇ ਸਨ। ਪ੍ਰਸ਼ਾਦ ਵੇਚਣ ਵਾਲੀਆਂ ਰੇੜ੍ਹੀਆਂ ਵੇਖ ਕੇ ਉਸ ਨੂੰ ਚੇਤਾ ਆਇਆ ਕਿ ਅੱਜ ਮੰਗਲਵਾਰ ਹੈ ਅਤੇ ਮੰਗਲ ਦੀ ਰਾਤ ਇਸ ਮੰਦਰ ਵਿਚ ਮੇਲਾ ਲੱਗਾ ਰਹਿੰਦਾ ਹੈ। ਪ੍ਰਸ਼ਾਦ ਲੈਣ ਵਾਲਿਆਂ ਬੱਚਿਆਂ ਤੇ ਮੰਗਤਿਆਂ ਦੀ ਏਨੀ ਭੀੜ ਹੋ ਜਾਂਦੀ ਹੈ ਕਿ ਪ੍ਰਸ਼ਾਦ ਵੰਡਣ ਵਾਲਿਆਂ ਨੂੰ ਆਪਣਾ ਆਪਣਾ ਲਫ਼ਾਫ਼ਾ ਬਚਾਉਣਾ ਵੀ ਮੁਸ਼ਕਲ ਹੋ ਜਾਂਦਾ ਹੈ।

ਉਹ ਭੀੜ ਦਾ ਅੰਦਾਜ਼ਾ ਲਗਾਉਂਦਾ ਹੋਇਆ ਦੂਰ ਤੋਂ ਹੀ ਮੱਥਾ ਟੇਕ ਕੇ, ਮੰਦਰ ਦੇ ਚਬੂਤਰੇ ਤੇ ਜਾ ਬੈਠਾ। ਬੈਠਦੇ ਹੀ ਉਸ ਦੀਆਂ ਨਜ਼ਰਾਂ ਲੋਕਾਂ ਦੇ ਚਿਹਰੇ ਟੋਲਣ ਲੱਗੀਆਂ ਕਿ ਸ਼ਾਇਦ ਉਸ ਦੇ ਕੰਮ ਦਾ ਆਦਮੀ ਮਿਲ ਹੀ ਜਾਵੇ।

ਉਥੇ ਚਬੂਤਰੇ ਦੀਆਂ ਪੌੜੀਆਂ ਤੇ ਪੈਰ ਟਿਕਾਈ ਇਕ ਇਕਹਿਰੇ ਸ਼ਰੀਰ ਦਾ ਲੜਕਾ ਬੜੇ ਫ਼ਿਲਮੀ ਅੰਦਾਜ਼ ਨਾਲ ਮੰਦਰ ਦੇ ਮੁੱਖ ਦਵਾਰ ਦੀ ਓਟ ਵਿਚ ਖੜੀਆਂ ਗੱਲਾਂ ਕਰਦੀਆਂ ਦੋ ਲੜਕੀਆਂ ਨੂੰ ਘੂਰ ਰਿਹਾ ਸੀ। ਉਸ ਨੇ ਨਜ਼ਰਾਂ ਉਸੇ ਲੜਕੇ ਤੇ ਟਿਕਾ ਦਿਤੀਆਂ। ਉਸ ਨੂੰ ਲਗਾ ਕਿ ਉਹ ਉਸ ਦਾ ਸਹੀ ਗਾਹਕ ਹੋ ਸਕਦਾ ਹੈ। ਉਸ ਨੂੰ ਪਟਾ ਲਿਆ ਜਾਵੇ ਤਾ ਗੱਲ ਸਿਰੇ ਚੜ੍ਹ ਸਕਦੀ ਹੈ। ਨਾ ਉਸ ਨੂੰ ਕੋਈ ਕਠਨਾਈ ਹੋਵੇਗੀ ਅਤੇ ਨਾ ਮੀਨਾ ਨੂੰ। ਫਿਰ ਸੁਣਿਆ ਹੈ ਅੱਜ ਕੱਲ ਲੜਕਿਆਂ ਨੂੰ ਸ਼ਰੀਰਕ ਸੰਬੰਧਾਂ ਦਾ ਸਿਰਫ਼ ਚਸਕਾ ਜਿਹਾ ਹੀ ਪਿਆ ਰਹਿੰਦਾ ਹੈ, ਜਦ ਤੱਕ ਮੇਲ ਨਹੀਂ ਹੁੰਦਾ ਤਦ ਤੱਕ ਲਲਚਾਉਂਦੇ ਰਹਿੰਦੇ ਅਤੇ ਮੌਕਾ ਮਿਲਣ ਤੇ ਫ਼ਜ਼ੂਲ ਜਿਹੇ ਭਾਸ਼ਣ ਦੀ ਤਰ੍ਹਾਂ ਯਰਕ ਜਾਂਦੇ ਹਨ। ਕੁਝ ਕਰਨ ਕਰਾਉਣ ਤੋਂ ਪਹਿਲਾਂ ਹੀ ਚੇਹਰੇ ਤੇ ਹਵਾਈਆਂ ਉਡਣ ਲੱਗ ਪੈਂਦੀਆਂ ਹਨ ਅਤੇ.. ਇਸ ਕਲਪਨਾ ਤੇ ਉਸ ਨੂੰ ਖ਼ੁਸ਼ੀ ਹੋਈ। ਜੇਕਰ ਇਉਂ ਹੋਇਆ ਤਾਂ ਆਪਣਾ ਸਭ ਕੁਝ ਬਚਿਆ ਰਹੇਗਾ ਅਤੇ ਮੁਸ਼ਕਲ ਹੱਲ ਹੋ ਜਾਵੇਗੀ।

ਉਠਦੇ ਉਠਦੇ ਉਸ ਨੇ ਪੱਕੀ ਧਾਰ ਲਈ ਕਿ ਉਹ ਉਸ ਤੋਂ ਪੈਸੇ ਵੀ ਪਹਿਲੋਂ ਲੈ ਲਵੇਗਾ।

— ਕੀ ਹੋ ਰਿਹਾ ਦੋਸਤ। ਉਹ ਸੁੰਗੜਿਆ ਜਿਹਾ ਲੜਕੇ ਦੇ ਲਾਗੇ ਆ ਖਲੋਤਾ।

— ਤੈਨੂੰ ਕੀ ? ਲੜਕਾ ਖਿਝਿਆ ਜਿਹਾ ਬੋਲਿਆ।

— ਮੈਨੂੰ ਤਾਂ ਕੁਝ ਨਹੀਂ ਪਰ ਮੈਂ ਤੇਰੇ ਕੰਮ ਆ ਸਕਦਾ ਹਾਂ।

— ਮੈਨੂੰ ਤੇਰੀ ਕੀ ਲੋੜ ਏ ?

— ਮੈਂ . ਮੈਂ ਤੈਨੂੰ ਲੜਕੀ ਦਿਵਾ ਸਕਦਾ ਹਾਂ।

— ਮਤਲਬ ਰੰਡੀ ?

— ਰੰਡੀ ? ਅਹੁੱਤੀ ਵਾਂਗ ਅੱਗ ਵਿਚ ਝੁਲਸਦੀ ਮੀਨਾ ਦਾ ਇਕ ਅਸ਼ਲੀਲ ਜਿਹਾ ਰੂਪ ਉਹਦੇ ਸਾਹਮਣਿਓਂ ਮੰਦਰ ਵਿਚ ਪ੍ਰਵੇਸ਼ ਨਾ ਕਰਨ ਦੀ ਮਜਬੂਰੀ ਲਏ ਹੋਏ ਲੰਘ ਗਿਆ। ਗੁਸੇ ਨਾਲ ਉਸ ਦਾ ਚਿਹਰਾ ਲਾਲ ਸੁਰਖ਼ ਹੋ ਗਿਆ ਪਰ ਫ਼ਿਰ ਨਕ ਤਕ ਆ ਪਹੁੰਚੇ ਗੁਸੇ ਨੂੰ ਇਕੋ ਸਾਹ ਨਿਗਲ ਗਿਆ — ਹਾਂ...ਹਾਂ ਰੰਡੀ...ਚਲਦੈਂ ?

— ਜਾ ਜਾ ਆਪਣਾ ਰਾਹ ਵੇਖ। ਇਥੇ ਕਿਸੇ ਨੂੰ ਕਿਤੇ ਜਾਣ ਦੀ ਲੋੜ ਹੀ ਕੀ ਹੈ, ਲੜਕਾ ਉਨ੍ਹਾਂ ਹੀ ਕੁੜੀਆਂ ਵਲ ਝਾਕਣ ਲਗਾ — ਆਪਾਂ ਪੈਸੇ ਨਹੀਂ ਦਿੰਦੇ।

— ਮੁਫ਼ਤ ਵਿਚ...ਕੌਣ . ਦਿ...?

— ਉਹ ਦੋ ਕੁੜੀਆਂ ਵੇਖ ਰਿਹੈਂ। ਲੜਕੇ ਨੇ ਹੱਥ ਦੇ ਇਸ਼ਾਰੇ ਨਾਲ ਕਿਹਾ — ਉਨ੍ਹਾਂ ਵਿਚੋਂ ਸਾੜ੍ਹੀ ਵਾਲੀ ਹੁਣੇ ਪਰਲੀ ਤਰਫ਼ ਚਲੀ ਜਾਵੇਗੀ ਅਤੇ ਦੂਸਰੀ ਸਿਧੀ ਇਥੇ ਮੇਰੇ ਕੋਲ, ਸਪਝਿਆ ?

— ਤੇਰੀ ਮਰਜ਼ੀ ! ਉਹ ਮੂੰਹ ਜਿਹਾ ਬਣਾਈ ਰਹਿ ਗਿਆ। ਉਸ ਤੋਂ ਕੁਝ ਕਿਹਾ ਨਾ ਗਿਆ। ਲੜਕੇ ਨੂੰ ਵੇਖਦਾ ਹੋਇਆ ਉਹ ਪਰੇਸ਼ਾਨ ਜਿਹਾ ਕਿਸੇ ਤਰ੍ਹਾਂ ਉਥੋਂ ਵੀ ਚਲ ਪਿਆ।

ਮੰਦਰ ਵਿਚ ਘੰਟੀਆਂ ਪਹਿਲਾਂ ਵੀ ਵੱਜ ਰਹੀਆਂ ਸਨ ਪਰ ਉਸ ਨੇ ਧਿਆਨ ਨਹੀਂ ਸੀ ਦਿਤਾ। ਉਹ ਅਜੇ ਥੋੜ੍ਹੀ ਹੀ ਦੂਰ ਗਿਆ ਸੀ ਕਿ ਘੰਟੀਆਂ ਜ਼ੋਰ ਜ਼ੋਰ ਦੀ ਲਗਾਤਾਰ ਵਜ ਪਈਆਂ। ਸੰਖ, ਘੜਿਆਲ ਅਤੇ ਨਗਾਰੇ ਵੀ ਵਜਣ ਲਗੇ। ਉਹ ਗੌਰ ਨਾਲ ਸੁਣਨ ਲਗਾ। ਇਨ੍ਹਾਂ ਸਾਰਿਆਂ ਦੀ ਮਿਲੀ ਜੁਲੀ ਅਵਾਜ਼ ਉਸ ਨੂੰ ਬੜੀ ਅਜੀਬ ਲਗੀ।

ਇਹ ਮੰਦਰ ਵਿਚ ਹੂਟਰ ਕਿਉਂ ਵਜ ਰਿਹਾ ਹੈ ? ਅਚਾਨਕ ਉਹ ਮੂਰਖ ਜਿਹਾ ਬਣਿਆ ਰੁਕ ਗਿਆ। ਉਥੋਂ ਹੀ ਉਸ ਦੀ ਸਰਸਰੀ ਜਿਹੀ ਨਜ਼ਰ ਮੰਦਰ ਤੇ ਪਈ। ਜਗਮਗ ਕਰਦੇ ਮੰਦਰ ਨੂੰ ਵੇਖਦਿਆਂ ਉਸ ਦੀਆਂ ਅੱਖਾਂ ਉਪਰ ਚਮਕਦੇ ਕਲਸ ਤੇ ਜਾ ਟਿਕੀਆਂ। ਇਹ ਸਾਰਾ ਕੁਝ ਉਸ ਨੂੰ ਕਰਖ਼ਾਨੇ ਦੀ ਵਰਕਸ਼ਾਪ ਵੇਖਦੇ ਹੋਇਆਂ ਮੂੰਹ ਚੁਕ ਕੇ ਉਥੋਂ ਦੀ ਚਿਮਨੀ ਤੇ ਲਿਖੀ ਉਸ ਦੇ ਨਾਂ ਦੀ ਇਬਾਰਤ ਪੜ੍ਹਣ ਵਾਂਗ ਲਗਾ।

ਉਹ ਮੋਢਿਆਂ ਨੂੰ ਸੰਗੋੜਦਾ ਕਲਸ ਤੋਂ ਵੀ ਉਪਰ ਆਕਾਸ਼ ਵਲ ਵੇਖਦਾ ਆਪਣੇ ਆਪ ਤੇ ਹੱਸ ਪਿਆ।

— ਭਗਵਾਨ ਵੀ ਕੀ ਚੀਜ਼ ਹੈ। ਮਨੁੱਖ, ਮੰਦਰ ਜਾਂ ਮਸ਼ੀਨ ? ਉਸ ਨੂੰ ਸਵਾਉਣ, ਜਗਾਉਣ ਅਤੇ ਮਨਾਉਣ ਦੇ ਲਈ ਘੰਟੀਆਂ ਸੰਖ, ਘੜਿਆਲਾਂ ਅਤੇ ਨਗਾਰਿਆਂ ਦੀ ਆਵਾਜ਼ ਉਗਲਦੀ ਆਰਤੀ ਦੇ ਜ਼ਰੀਏ ਹੂਟਰ ਦੀ ਲੋੜ ਕਿਉਂ ਪੈਂਦੀ ਹੈ ? ਇਹ ਸੋਚਦੇ ਕਿ ਕੀ ਇਹ ਸਭ ਕੁਝ ਏਨਾ ਹੀ ਜ਼ਰੂਰੀ ਹੈ, ਉਸ ਨੂੰ ਲਗਾ, ਮੰਦਰ ਦੇ ਵੇਹੜੇ 'ਚੋਂ ਉਠਦੀਆਂ ਆਵਾਜ਼ਾਂ ਉਤੇ ਜਾ ਕੇ ਹੇਠ ਡਿਗਦੀਆਂ ਹੋਈਆਂ ਉਸ ਦੇ ਮੋਢਿਆਂ ਤੇ ਭਾਰ ਪਾ ਰਹੀਆਂ ਹਨ। ਉਹ ਉਥੇ ਵੀ ਨਾ ਠਹਿਰ ਸਕਿਆ। ਬਹੁਤ ਦੂਰ ਜਾ ਕੇ ਵੀ ਉਹ ਫ਼ੈਸਲਾ ਨਾ ਕਰ ਸਕਿਆ ਕਿ ਉਸ ਨੂੰ ਕਿਥੇ ਜਾਣਾ ਚਾਹੀਦਾ ਹੈ। ਇਸ ਲਈ ਸਾਹਮਣੇ ਅਨਾਜ ਮੰਡੀ ਦਾ ਦਰਵਾਜ਼ਾ ਦਿਸਿਆ ਤਾਂ ਉਥੇ ਹੀ ਚਲਾ ਗਿਆ।

ਮੰਡੀ ਦੇ ਹਾਤੇ ਵਿਚ ਦੁਕਾਨਾ ਲਗ ਭਗ ਬੰਦ ਹੋ ਚੁੱਕੀਆਂ ਸਨ। ਸਿਰਫ਼ ਕੁਝ ਕੁ ਦੁਕਾਨਾ ਅੱਗੇ ਖੜੇ ਟਰੱਕ ਮਾਲ ਉਤਾਰ ਰਹੇ ਸਨ। ਉਹ ਉਥੇ ਵੀ ਚਾਰ ਚੁਫੇਰੇ ਵੇਖਦਾ ਹੋਇਆ ਆਪਣੇ ਮਤਲਬ ਦਾ ਆਦਮੀ ਲਭਣ ਲਗਾ।

ਇਥੇ ਕੌਣ ਹੋ ਸਕਦਾ ਹੈ ? ਉਦਾਸ ਜਿਹਾ ਉਹ ਇਕ ਦੁਕਾਨ ਦੇ ਤਖ਼ਤ ਤੇ ਬੈਠ ਗਿਆ। ਦੁਕਾਨ ਖੁਲ੍ਹੀ ਵੀ ਸੀ ਤੇ ਬੰਦ ਵੀ। ਅੱਧਾ ਸ਼ਟਰ ਕਰੀ ਦੁਕਾਨਦਾਰ ਸ਼ਾਇਦ ਦਿਨ ਭਰ ਦਾ ਹਿਸਾਬ ਮਿਲਾ ਰਿਹਾ ਸੀ। ਉਸ ਨੇ ਮਨ ਬਣਾਇਆ ਕਿ ਉਹ ਉਸੇ ਦੁਕਾਨਦਾਰ ਨਾਲ ਹੀ ਗੱਲ ਕਰੇਗਾ। ਉਸ ਦੀ ਇੰਤਜ਼ਾਰ ਕਰਦਾ ਹੋਇਆ ਉਹ ਕੋਸ਼ਿਸ਼ ਕਰਨ ਲਗਾ ਕਿ ਆਪਣੇ ਆਪ ਨਾਲ ਥੋਹੜਾ ਘੁਲ ਮਿਲ ਜਾਵੇ ਤਾਂ ਕਿ ਸੌਦਾ ਕਰਦੇ ਵਕਤ ਅਨਾੜੀ ਨਾ ਲਗੇ ਅਤੇ ਉਸ ਨੂੰ ਇਹ ਕਤਈ ਪਤਾ ਨਾ ਲਗ ਸਕੇ ਕਿ ਮੀਨਾ ਉਹਦੀ ਪਤਨੀ ਹੈ ਅਤੇ ਉਹ ਉਸ ਦਾ...

ਉਹ ਕੀ ਹੈ ? ਆਪਣੇ ਉਦੇਸ਼ ਤੋਂ ਵੱਖ ਇਕ ਪ੍ਰਸ਼ਨ ਫਿਰ ਉਸ ਦੇ ਮੱਥੇ ਵਿਚ ਹੂਟਰ ਦੀ ਅੰਤਿਮ ਆਵਾਜ਼ ਵਾਂਗ ਹੌਂਕਣ ਲਗਾ। ਹੁਣ ਤਕ ਉਹਦੇ ਕੋਲ ਆਪਣੀ ਇਕ ਸਾਖ ਸੀ। ਮੀਨਾ ਦੁਵਾਰਾ ਦਿਤੀ ਗਈ ਇਕ ਸੰਗਿਆ -- ਪਤੀ। ਅੱਜ ਉਸ ਨੇ ਦੋਹਾਂ ਨੂੰ ਹੀ ਗਵਾ ਦਿਤਾ। ਨੌਕਰੀ ਨਹੀਂ ਰਹੀ...ਨੌਕਰੀ ਨਹੀਂ ਮਿਲੀ... ਨੌਕਰੀ ਨਹੀਂ ਮਿਲਦੀ...ਤਾਂ ਕੀ ਸਾਰੀ ਦੁਨੀਆਂ ਨੌਕਰੀ ਹੀ ਕਰਦੀ ਹੈ ? ਉਹ ਮਜ਼ਦੂਰੀ ਵੀ ਤਾਂ ਕਰ ਸਕਦਾ ਹੈ। ਆਪਣੇ ਆਪ ਵਿਚ ਡੁਬਦਾ ਤਰਦਾ ਉਹ ਇਧਰ ਉਧਰ ਖੜੇ ਖੜੇ ਟਰੱਕਾਂ ਤੋਂ ਬੋਰੀਆਂ ਢੋਂਹਦੇ ਮਜ਼ਦੂਰਾਂ ਨੂੰ ਇਕ ਟਕ ਵੇਖਣ ਲਗਾ।

ਘੁਸਮੁੱਸ ਵਿਚ ਉਹ ਅਲਗ ਅਲਗ ਅਕਾਰ ਦੇ ਭਾਰੇ ਭਾਰੇ ਕੁੱਬ ਵਾਲੇ ਬੁਢੇ ਲਗ ਰਹੇ ਸਨ। ਪਸੀਜ ਕੇ ਉਸ ਨੇ ਆਪਣੇ ਆਪ ਨੂੰ ਵੇਖਿਆ...ਉਹ ਵੀ ਤਾਂ ਕੇਵਲ ਢਾਂਚਾ ਭਰ ਸਰੀਰ ਹੀ ਰਹਿ ਗਿਆ ਸੀ।

ਸ਼ਟਰ ਡਿੱਗਣ ਦੀ ਭੜਭੜਾਹਟ ਸੁਣ ਕੇ ਉਸ ਦਾ ਚਿਤ ਭੰਗ ਹੋਇਆ। ਦੋ ਧੋਤੀਆਂ ਬੰਨ੍ਹੀ ਆਦਮੀ ਬਾਹਰ ਨਿਕਲ ਕੇ ਦੁਕਾਨ ਬੰਦ ਕਰ ਰਹੇ ਸਨ। ਉਸ ਨੂੰ ਉਥੇ ਬੈਠਾ ਵੇਖ ਕੇ ਇਕ ਨੇ ਪੁਛਿਆ — ਕੌਣ ਏਂ ?

— ਇਥੇ ਕੀ ਕਰ ਰਿਹੈਂ ? ਦੂਜੇ ਨੇ ਵੀ ਸਵਾਲ ਕੀਤਾ।

— ਮੈਂ ਹਾਂ ਜੀ ! ਉਹ ਘਬਰਾ ਗਿਆ।

— ਇਥੇ ਕਿਉਂ ਬੈਠਿਐਂ ? ਸ਼ਟਰ ਨੂੰ ਜੰਦਰਾ ਲਗਾ ਕੇ ਉਹ ਉਹਦੇ ਕੋਲ ਆ ਗਏ।

— ਊਂ ਹੀ, ਉਹ ਖੜਾ ਹੋ ਗਿਆ — ਐਵੇਂ ਬੈਠਾ ਕੋਈ ਬੰਦਾ ਲਭ ਰਿਹਾ ਸਾਂ।

— ਕਿਹਨੂੰ ਲੱਭ ਰਿਹਾ ਏਂ ?

— ਜੋ ਵੀ ਮਿਲ ਜਾਵੇ।

— ਜੋ ਵੀ ਦੇ ਬੱਚੇ — ਇਹ ਮੰਡੀ ਹੈ। ਕਿਸੇ ਨੂੰ ਵੀ ਹੱਥ ਲਗਾਇਆ ਤਾਂ ਸਬੂਤਾ ਨਹੀਂ ਬਚੇਂਗਾ। ਜਾ ਨੱਠ ਜਾ ਇਥੋਂ। ਮੁਨੀਮ ਨੇ ਉਸ ਦਾ ਭਾਵ ਨਾ ਸਮਝ ਕੇ ਅਬਾ ਤਬਾ ਬੋਲ ਦਿਤਾ।

— ਨਠਾਉਂਦੇ ਕਿਉਂ ਮੁਨੀਮ ਜੀ, ਦੂਸਰੇ ਨੇ ਸੁਝਾਅ ਦਿਤਾ — ਪੁਲਸ ਦੇ ਹਵਾਲੇ ਕਰੋ। ਮੈਨੂੰ ਤਾਂ ਕੋਈ ਚੋਰ ਉਚੱਕਾ ਲਗਦੈ।

— ਮੈਂ ਚੋਰ...ਚੋਰ ਨਹੀਂ...ਹਾਂ ਜੀ, ਉਹ ਥਥਲਾ ਗਿਆ...ਮੈਂ ਤਾਂ...ਮੈਂ ਤਾਂ ਤੁਹਾਨੂੰ ਹੀ ਮਿਲਣਾ ਚਾਹੁੰਦਾ ਸੀ।

— ਕੌਣ ਏਂ ਤੂੰ...ਸਾਨੂੰ ਕਿਉਂ ਮਿਲਣਾ ਚਾਹੁੰਦਾ ਏਂ ?

— ਮੈਂ.. ਮੈਂ...ਹਾਂ ਜੀ, ਉਹ ਇਕ ਦਮ ਕਹਿ ਗਿਆ -- ਧੰਦਾ ਕਰਦਾ ਹਾਂ।

— ਉਹ ! ਤਾਂ ਇਹ ਗੱਲ ਹੈ, ਮੁਨੀਮ ਕੁਝ ਨਰਮ ਪੈ ਕੇ ਅਗੇ ਆ ਗਿਆ।

— ਜੀ...ਜੀ ਹਾਂ.. ਜੀ ਹਾਂ।

— ਤਾਂ ਸਮਝ ਲੈ ਤੈਨੂੰ ਆਦਮੀ ਮਿਲ ਗਿਆ।

— ਕੀ ? ਉਹ ਬੇਸਮਝ ਜਿਹਾ ਖੜਾ ਰਿਹਾ। ਉਹ ਹੁਣ ਆਪਣੇ ਆਪ ਨੂੰ ਫਸਿਆ ਜਿਹਾ ਮਹਿਸੂਸ ਕਰਨ ਲਗਾ ਸੀ ਤੇ ਉਥੋਂ ਖਿਸਕ ਜਾਣਾ ਚਾਹੁੰਦਾ ਸੀ।

— ਚੰਗਾ ਮੁਨਸ਼ੀ ਜੀ...ਮੁਨੀਮ ਦੂਸਰੇ ਆਦਮੀ ਵਲ ਹੱਥ ਵਧਾ ਕੇ ਬੋਲਿਆ — ਸਾਡੀ ਰਾਮ ਰਾਮ !

— ਤੂੰ ਅਜ ਫਿਰ ਜਾਏਂਗਾ, ਮੁਨਸ਼ੀ ਨੇ ਪੁੱਛਿਆ ।

— ਦੇਖ ਮੁਨਸ਼ੀ ਭਰਾ, ਅਜ ਨਾ ਟੋਕ । ਕੋਈ ਸੌਗਾਤ ਲੈ ਕੇ ਖ਼ੁਦ ਬੁਲਾਉਣ ਆਵੇ ਤਾਂ ਨਾਂਹ ਕਰਦੇ ਚੰਗੇ ਨਹੀਂ ਲੱਗੀਦਾ । ਵਰਨਾ ਤੂੰ ਜਾਣਦਾ ਏਂ...ਸਾਨੂੰ ਕੌਣ ਪੁੱਛਦਾ ।

— ਮੇਰੇ ਲੇਖੇ ਨਰਕ ਵਿਚ ਜਾ ਪਰ ਪਹਿਲਾਂ ਆਪਣਾ ਇਲਾਜ ਤਾਂ ਕਰ ਲੈ । ਖ਼ੁਦ ਕੋਹੜੀ ਹੋ ਕੇ ਮਰੇਂਗਾ... ਤੇ ਦੂਸਰਿਆਂ ਨੂੰ ਵੀ ਮਾਰੇਂਗਾ...। ਮੁਨਸ਼ੀ ਖਿੱਝਦਾ ਹੋਇਆ ਚਲਿਆ ਗਿਆ ।

— ਚੱਲ ਉਸਤਾਦ । ਮੁਨੀਮ ਬੋਲਿਆ ।

— ਤੈਨੂੰ ਕੋਈ ਬੀਮਾਰੀ ਹੈ ? ਉਹ ਉਥੇ ਹੀ ਅੜਿਆ ਰਿਹਾ ।

— ਤਾਂ ਇਸ ਨਾਲ ਕੀ ਏ । ਹਜ਼ਾਰਾਂ ਨੂੰ ਹੁੰਦੀਆਂ ਨੇ ।

ਮੁਨੀਮ ਦੀ ਸਪੱਸ਼ਟ ਗੱਲ ਉਸ ਨੂੰ ਚਪੇੜ ਵਾਂਗ ਲਗੀ । ਉਹ ਮੀਨਾ ਬਾਰੇ ਆਪਣੇ ਆਪ ਨੂੰ ਦੋਸ਼ੀ ਪਾ ਕੇ ਅਪਰਾਧੀ ਮਹਿਸੂਸ ਕਰਦਾ ਕਟਹਿਰੇ ਵਿਚ ਜਾ ਖੜਾ ਹੋਇਆ...ਮੈਂ ਜੋ ਕਹਾਂਗਾ ਸੱਚ ਕਹਾਂਗਾ ਅਤੇ ਸੱਚ ਤੋਂ ਸਿਵਾ ਕੁਝ ਨਹੀਂ ਕਹਾਂਗਾ । ਮੈਂ ਮੀਨਾ ਦੇ ਲਈ ਅੰਗਾਰੇ ਸਹੇਜ ਕੇ ਲੈ ਜਾ ਰਿਹਾ ਹਾ ਅਤੇ ਨਾਲ ਹੀ ਸੜਦੀ ਉਤੇ ਛਿੜਕਣ ਨੂੰ ਨਮਕ ਵੀ । ਕੋਈ ਸਜ਼ਾ ਹੈ ?

ਉਸ ਦਾ ਚੇਹਰਾ ਭਖਣ ਲਗਾ । ਕਨਪੱਟੀਆਂ ਵਿਚੋਂ ਦੋ ਪੁੜਪੁੜੀਆਂ ਹੂਟਰ ਦੀ ਆਵਾਜ਼ ਵਾਂਗ ਰੀਂਗਦੀਆਂ ਉਪਰ ਚੜ੍ਹਨ ਲੱਗੀਆਂ ।

— ਵੇਖੋ, ਇਸ ਹਾਲਤ ਵਿਚ ਤਾਂ ਇਹ ਮੁਸ਼ਕਲ ਹੈ ।

— ਮੁਸ਼ਕਲ ਕੀ ਹੈ, ਮਨੀਮ ਨੇ ਉਸ ਨੂੰ ਉਕਸਾਇਆ — ਦਸ ਦੀ ਜਗ੍ਹਾ ਵੀਹ ਨਹੀਂ ਤਾਂ ਤੀਹ ਦੇ ਦੇਵਾਂਗਾ । ਦਸ ਰੁਪਏ ਇਨਾਮ ਤੇਰਾ ਵੱਖ ਰਿਹਾ ।

— ਤੂੰ ਸੌ ਵੀ ਦੇਵਾਂਗਾ ਤਾਂ ਵੀ ਨਹੀਂ, ਉਹ ਮੁਨੀਮ ਦੇ ਲਾਗੋਂ ਖਿਸਕਦਾ ਅਗੇ ਵਧਿਆ ।

— ਕੀ ਤੇਰੀ ਘਰ ਵਾਲੀ ਲਗਦੀ ਹੈ ਜੋ ਡਾਕਟਰੀ ਝਾੜ ਰਿਹਾ ਏਂ, ਮੁਨੀਮ ਨੇ ਉਸ ਦਾ ਹੱਥ ਫੜ ਲਿਆ— ਤੂੰ ਸੌਦਾ ਕੀਤਾ ਹੁਣ ਪੂਰਾ ਵੀ ਕਰ !

— ਛੱਡ ਮੈਨੂੰ — ਮੇਰੀ ਮਰਜ਼ੀ ।

— ਅਤੇ ਮੈਂ ਤਾਂ ਜਿਵੇਂ ਬਿਨਾਂ ਬੁਲਾਏ ਹੀ ਤੇਰੇ ਕੋਲ ਆ ਗਿਆ — ਜ਼ਬਾਨ ਤੋਂ ਮੁਕਰੇਂਗਾ ਤਾਂ ਇਹੋ ਜਿਹਾ ਕੁਟਾਪਾ ਚਾੜ੍ਹੂੰਗਾ ਕਿ ਪਾਣੀ ਨਹੀਂ ਮੰਗੇਂਗਾ — ਦੱਲੇ !

— ਮੂੰਹ ਸੰਭਾਲ ਕੇ ਗੱਲ ਕਰ — ਦਲਾ ਹੋਵੇਂਗਾ ਤੂੰ ..ਤੇਰਾ ਪਿਉ । ਤੈਸ਼ ਵਿਚ ਆ ਕੇ ਉਸ ਨੇ ਇਕ ਦਮ ਪਲਟਾ ਖਾ ਕੇ ਮੁਨੀਮ ਨੂੰ ਧੱਕਾ ਦੇ ਦਿਤਾ ।

ਮੁਨੀਮ ਦੀਆ ਹੱਡੀਆਂ ਵਿਚ ਸਾਹ ਸਤ ਨਹੀਂ ਸੀ । ਉਹ ਲੜਖੜਾਉਂਦਾ ਕੁਝ ਕਦ- ਪਿਛੇ ਗਿਆ ਅਤੇ ਫਿਰ ਆਪਣੀ ਹੀ ਧੋਤੀ ਨਾਲ ਉਲਝ ਕੇ ਸਿਰ ਦੇ ਭਾਰ ਡਿੱਗ ਪਿਆ । ਸਿਰ ਸੜਕ ਨਾਲ ਟਕਰਾਉਂਦੇ ਹੀ ਉਸ ਦੀ ਚੀਕ ਨਿਕਲ ਗਈ ।

— ਕੀ ਹੋਇਆ ?...ਕੀ ਹੋਇਆ ? ਥੋੜੜੇ ਹੀ ਦੂਰ ਖਾਲੀ ਹੁੰਦੇ ਟਰੱਕ ਵਲੋਂ ਆਵਾਜ਼ਾਂ ਉਭਰੀਆਂ ਤਾਂ ਲਾਗੇ ਚਾਗੇ ਲੋਕ ਵੀ ਕੰਮ ਛੱਡ ਕੇ ਉਸ ਤਰਫ਼ ਵੇਖਣ ਲਗੇ ।

ਮੁਨੀਮ ਕਰਾਹਉਂਦਾ ਹੋਇਆ ਭੀ ਹੱਥਾਂ ਭਾਰ ਉਠਣ ਦੀ ਕੋਸ਼ਿਸ਼ ਕਰਦਾ ਚੀਕਿਆ — ਮਾਰ ਦਿਤਾ — ਹਾਏ ਓ ਮੇਰਾ ਸਿਰ ਪਾੜ ਸੁਟਿਆ...ਫੜੋ.. ਕੋਈ.. ਫੜੋ...ਕਮਬਖ਼ਤ ਨੂੰ...

ਉਹ ਲੋਕ ਉਸ ਵਲ ਝਪਟੇ । ਉਹ ਹੈਰਾਨ ਜਿਹਾ ਖੜਾ ਅੱਖਾਂ ਝਮਕਦਾ ਰਿਹਾ । ਉਸ ਦਾ ਦਿਲ ਚਾਹ ਰਿਹਾ ਸੀ ਕਿ ਮੁਨੀਮ ਨੂੰ ਸਹਾਰਾ ਦੇ ਕੇ ਉਠਾ ਲਵੇ ਪਰ ਉਸ ਨੇ ਦੇਰ ਨਾ ਲਾਈ ਖ਼ਤਰਾ ਵਧਦੇ ਹੀ ਉਹ ਸਰਪਟ ਦੌੜ ਉਠਿਆ ।

ਉਹ ਲੋਕ ਉਸ ਦਾ ਪਿੱਛਾ ਕਰਦੇ ਰਹੇ । ਬੇਸ਼ੁਮਾਰ ਭਜਦੇ ਹੋਏ ਵੀ ਬਚਾਅ ਲਈ ਉਸ ਨੇ ਆਲੇ ਦੁਆਲੇ ਵੇਖਿਆ ਅਤੇ ਬਿਨਾਂ ਸੋਚੇ ਸਮਝੇ ਤੇਜ਼ੀ ਨਾਲ ਸਾਹਮਣੇ ਦਿਸ ਰਹੀਆਂ ਦੋ ਦੁਕਾਨਾਂ ਦੇ ਵਿਚ ਦੀ ਭੀੜੀ ਗਲੀ ਵਿਚ ਵੜ ਗਿਆ ।

ਗਲੀ ਵਿਚ ਚਿਕੜ ਸੀ । ਇਸ ਲਈ ਉਹ ਲੋਕ ਪਰਲੀ ਤਰਫ਼ ਤੋਂ ਜਾ ਕੇ ਉਸ ਨੂੰ ਘੇਰਨ ਲਈ ਦੋ ਹਿਸਿਆਂ ਵਿਚ ਵੰਡ ਗਏ ।

ਗਲੀ ਦੁਕਾਨਾਂ ਦੇ ਪਿਛਵਾੜੇ ਖੁਲ੍ਹੇ ਮੈਦਾਨ ਵਿਚ ਨਿਕਲਦੀ ਸੀ । ਮੈਦਾਨ ਵਿਚ ਦੂਰ ਦੂਰ ਤੱਕ ਹਨੇਰਾ ਛਾਇਆ ਹੋਇਆ ਸੀ । ਉਹ ਗਲੀ ਵਿਚੋਂ ਨਿਕਲਦੇ ਹੀ ਚਿੱਕੜ ਦੇ ਕੁਰਬਲਾਂਦੇ ਟੋਏ ਵਿਚ ਧਸ ਗਿਆ । ਪਰ ਡਰ ਅਤੇ ਸੁਰੱਖਿਆ ਦੇ ਆਵੇਸ਼ ਵਿਚ ਛੜੱਪਾ ਮਾਰ ਕੇ ਉਹ ਬਾਹਰ ਨਿਕਲ ਗਿਆ ।

ਉਸ ਦੀਆਂ ਚੱਪਲਾਂ ਉਥੇ ਹੀ ਚਿਕੜ ਵਿਚ ਰਹਿ ਗਈਆਂ । ਕਪੜੇ ਚਿੱਕੜ ਕਾਰਨ ਲੱਥ ਪੱਥ ਹੋ ਕੇ ਬਦਬੂ ਮਾਰਨ ਲਗੇ । ਨੱਕ ਫਟਣ ਨੂੰ ਹੋ ਰਿਹਾ ਸੀ । ਸਿਰ ਚਕਰਾਉਣ ਲਗਾ । ਸਰੀਰ ਭਾਰਾ ਹੋ ਗਿਆ । ਭਜਣਾ ਹੁਣ ਉਸ ਲਈ ਬਹੁਤ ਮੁਸ਼ਕਲ ਹੋ ਰਿਹਾ ਸੀ । ਫਿਰ ਵੀ ਘੁੰਮ ਕੇ ਆਉਂਦੇ ਲੋਕਾਂ ਦਾ ਸ਼ੋਰ ਸ਼ਰਾਬਾ ਸੁਣ ਕੇ ਉਹ ਬੇਤਹਾਸ਼ਾ ਭਜਣ ਲਗਾ...ਅਤੇ ਜਿਉਂ ਜਿਉਂ ਉਨ੍ਹਾ ਤੋਂ ਦੂਰ ਹੁੰਦਾ ਗਿਆ...ਪਹਿਲੇ ਨਾਲੋਂ ਵੀ ਤੇਜ਼ ਦੌੜਨ ਲਗਾ ।

ਮੈਦਾਨ ਵਿਚ ਹਨੇਰਾ ਹੋਣ ਦਾ ਉਸ ਨੂੰ ਲਾਭ ਮਿਲ ਰਿਹਾ ਸੀ । ਅਚਾਨਕ ਸੱਜੇ ਪਾਸਿਉਂ ਆ ਰਹੀ

( ਬਾਕੀ ਸਫ਼ਾ 26)

## NEED ANY HELP IN ANY TYPE OF REAL ESTATE CONTACT ANY TIME!

OFF.
872-0131
438-9998
RES.
687-7711
page 3756
OUT OF TOWN
TOLL FREE
112-800-663-3708



## BALWINDER BRAR
## M.Sc.

### MARS REALTY

1437 Kingsway
Vancouver

# NEW SPICELAND

4532 Main St. (29 Ave.)
Vancouver, B.C.

Phone:
874-6624

SPECIALIZED IN
EAST INDIAN GROCERIES

QUALITY FOODS
BEST SERVICE
CHEAPEST PRICES

FREE DELIVERY

(1) FRESH FIJIAN VEGETABLES SPECIALITY

(2) EVERY WEEK SPECIAL SALE

(1) 5% OFF FOR OVER $50.00 MIXED GROCERY PURCHASE

(2) OUT OF TOWN ORDERS TAKEN

PHONE: 874-6624 / 873-2803

**TRAVEL WITH CONFIDENCE & PRIDE**

**EXPERT ON GROUPS**
**FIJI, INDIA,**
**HONGKONG**

STA

CHARTERS TO U.K.
NOTARY PUBLIC SERVICES
ALSO AVAILABLE

We arrange passport, Indian, Canadian (4 day) Canadian citizenship (4 weeks). Subject to Canadian legal requirements.

**SAFEWAYS TRAVEL AGENCY**
**1391 Kingsway 873-5631**
**Vancouver 873-4011**

FOR FREE CONSULTATION
AND PROFESSIONAL ADVICE
ON ANY TYPE OF REAL ESTATE
SERVICE, PLEASE CONTACT
WITHOUT ANY OBLIGATION

OFF.
736-3831
RES.
434-4660
434-2393



ਅਜਾਇਬ ਜੰਡਾ

## AJAIB S. JANDA

## UNITED REALTY LTD.

3879 Oak St.
Vancouver

## FOR ALL KINDS OF REAL ESTATE SERVICES CONTACT



OFFICE
736-3831

RES.
433-3334

## DARSHAN BRAR MA

Real Estate Board Award Winner

Member Medallion Club & Master Member

## UNITED REALTY LTD.

3879 Oak St.
Vancouver

---

LICENSED

# RAJA RESTAURANT

*Specializing in:*
BANQUETS & CATERING, PRIVATE HOME PARTIES
– DINE IN OR TAKE OUT –

**7271 MAIN STREET, VANCOUVER, B.C.**

WINTER HOURS:
Monday to Friday – 4:00 to 10:30 p.m.
Saturday & Sunday – 11:00 to 11:00 p.m.

FOR PARTY CATERING
CONTACT: **BALWANT**
**325-5014**

---

PHONE ANY TIME FOR
NEW & USED CARS and HALF TON TRUCKS



## MAJER SINGH DHALIWAL

**CAR SALESMAN**

BUS. 937-7711

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾ ਪਿਕਅੱਪ ਅਤੇ ਟਰੱਕ ਆਦਿਕ ਅੱਛੀ ਹਾਲਤ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ ਨੂੰ ਮਿਲੋ ਜੋ 641-LOUGHEED HWY. (NEAR LOUGHEED MALL) COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫ਼ੀ ਲਈ ਘਰ 594-2838 ਤੇ ਫੋਨ ਕਰੋ। ਗੈਰੇਜ ਵਿੱਚ ਪੁੱਜਕੇ ਮੈਨੇਜਰ ਨੂੰ ਕਹੋ ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।



**GARY PONTIAC-BUICK & GMC LTD.**

---

## PUNI'S EMPORIUM

9369 SCOTT RD. (120 ST.) DELTA
581-1844

ਸਰੀ ਡੈਲਟਾ ਤੇ ਆਸ ਪਾਸ ਦੇ ਨਿਵਾਸੀਆਂ ਲਈ ਕੱਪੜੇ ਦਾ ਨਵਾਂ ਸਟੋਰ ਜਿਥੋਂ ਤੁਹਾਨੂੰ ਹਰ ਕਿਸਮ ਦੇ ਕੱਪੜੇ, ਸਾੜ੍ਹੀਆਂ, ਸੂਟ, ਕਮੀਜ਼ਾਂ, ਕਸ਼ਮੀਰੀ ਕੋਟ, ਕਢਾਈ ਵਾਲੇ ਸੂਟ ਤੇ ਹੋਰ ਬਹੁਤ ਕੁਝ ਮਿਲ ਸਕਦਾ ਹੈ।

ਪੱਗਾਂ, ਸਿਹਰੇ ਤੇ ਹਾਰ ਵੀ ਮਿਲ ਸਕਦੇ ਹਨ।

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫ਼ੋਨ ਕਰੋ:

## ਪੂਨੀ'ਜ਼ ਇਮਪੋਰੀਅਮ

9369 ਸਕਾਟ ਰੋਡ (120 ਸਟਰੀਟ)
ਡੈਲਟਾ, ਬੀ.ਸੀ.

ਫ਼ੋਨ:

581-1844 596-0583

DARSHAN SINGH MANN'S

# TRAVEL WORLD

ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਸਨੇਹੀਆਂ ਨੂੰ ਮੰਗਵਾਉਣ ਲਈ ਸਾਨੂੰ ਆ ਕੇ ਦਰਸ਼ਨ ਦਿਉ।

ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਸਸਤੀਆਂ ਵੇਚਦੇ ਹਾਂ।

ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮੱਦਦ ਕੀਤੀ ਜਾਂਦੀ ਹੈ।

ਸਾਡੇ ਦਫ਼ਤਰ ਦਿੱਲੀ, ਚੰਡੀਗੜ੍ਹ, ਲੁਧਿਆਣਾ ਅਤੇ ਜਲੰਧਰ ਆਦਿ ਸ਼ਹਿਰਾਂ ਵਿੱਚ ਤੁਹਾਡੀ ਸੇਵਾ ਲਈ ਹਾਜ਼ਰ ਹਨ।



## 435-3953

ਦਰਸ਼ਨ ਸਿੰਘ ਮਾਨ

---

* HOMES, NEW OR OLD
* COMMERCIAL PROPERTIES OR SITES
* APARTMENT BLOCKS
* FARMS, LAND, HOME ACREAGE
or any other real estate need



***GURMEL DHALIWAL***

***OFF. 581-4601***

***RES. 588-7360***

BLOCK BROS.

BLOCK BROS. REALTY LTD.
A DIVISION OF BLOCK BROS. INDUSTRIES LTD.
9360 - 120th Street, Surrey, B.C.

---

# ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



New Store
9:00 a.m. to 6:30 p.m.

## BHARTI ART JEWELLERS

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

---

FOR ANY KIND OF

## PHOTOGRAPHY

REMEMBER

OPEN
9 a.m. -
5:30 p.m.
FRIDAY
9 a.m. -
7:00 p.m.



PORTRAITS
PASSPORTS
WEDDINGS

## KARTAR PHOTO STUDIO

872-0622 872-5010 872-0623

---

*THINKING OF TRAVEL?*
WE CAN SAVE YOU MONEY, TIME AND TROUBLE

GROUPS – CHARTER – EXCURSION
PAY LATER
SPECIAL IMMIGRANT FARES AVAILABLE

## GOYAL TRAVELS

4160 FRASER STREET, VANCOUVER 10, B.C.
PHONE: 872-7658

ASSOCIATE OFFICES:
1. NEAR COURTS, MOGA, PANJAB (INDIA) – PHONE 798
2. NEAR COURTS, JAGRAEN, PANJAB (INDIA) – PHONE 252
3. NEAR COURTS, PHAGWARA, PANJAB (INDIA)

# BOMBAY CURRY RESTAURANT

*INDIA'S FINEST FOOD*

B
B C R
R

**LICENCED PREMISES**

**3934 MAIN STREET AT 23RD AVENUE, VANCOUVER, B.C.**

**PHONE BUS. 874-5722 RES. 731-8881**

**New Timing: Mon. to Thursday 11 a.m. to 11 p.m., Friday to Sunday 10 a.m. to Midnight**

MOUTH WATERING SWEETS:

**MESU, PATISA, BESAN, BARFI, GAJARPAK, LADDO, PADHA, GULAB JAMUN, BADANA, JALEBI, AMRATIYAN, SHAKERPARE, NAMKEEN BHUJIYA AND MANY MORE.**



**NARESH SHUKLA**

---



**BUYING OR SELLING HOMES, COMMERCIAL PROPERTIES, APARTMENT BLOCKS, FARMS, LAND, ACREAGE?**

***For free and professional advice contact***

# GURBIR S. PURI

***of***

MARS REALTY, 1437 KINGSWAY, VANCOUVER

**Mortgages Can Be Arranged!**

**Phone: 524-1978**

**Phone: 872-0131**

ਘਰਾਂ ਦੇ ਖ੍ਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ: ਗੁਰਬੀਰ ਸਿੰਘ ਪੁਰੀ ਫੋਨ **524-1978**

---

# ਸਮਰਾ ਬ੍ਰੱਦਰਜ਼

ਇੰਡੀਆ ਫੂਡਜ਼ ਲਿਮਿਟਡ

* ਸਰੀ-ਡੈਲਟਾ ਨਿਵਾਸੀਆਂ ਲਈ ਖ਼ੁਸ਼ਖਬਰੀ

* ਏਥੇ ਗੁਰੂ ਸਾਹਿਬਾਨਾਂ ਦੀਆਂ ਫ੍ਰੇਮ ਕੀਤੀਆਂ ਤਸਵੀਰਾਂ ਵੀ ਮਿਲ ਸਕਦੀਆਂ ਹਨ

* BULK ORDERS ACCEPTED

Exotic Spices & Natural Foods
Fresh Vegetables

# Samra Bros.

***INDIA FOODS LTD.***

**8320 SCOTT ROAD**
**SURREY, B.C.**

**Telephone:**
**596-7232**

ਆਓ ਦਰਸ਼ਨ ਦਿਓ। ਫੋਨ: 596-7232

---

# MARS REALTY LTD.

**1437 KINGSWAY VANCOUVER**

**Real Estate is the World's Best Security Investment**

For the best service with complete sincerity and efficiency backed by knowledge and experience - call:

**DALJIT S. SIDHU** • **Ph. 872-0131**

**Diamond Club Award Winner**

**Res. 596-9062**
**596-2666**



# WATNO DUR

**14768 Halstead Pl.**

**Surrey, B.C. V3R 6S5**

438-7793
437-9014

ਸਾਲਾਨਾ ਚੰਦਾ
ਪੰਜ ਡਾਲਰ

ਨਵਾਂ ਪਤਾ :
ਵਤਨੋਂ ਦੂਰ
14768 ਹਾਲਸਟੈੱਡ ਪਲੇਸ
ਸਰੀ, ਬੀ.ਸੀ., ਕੈਨੇਡਾ

438-7793

ਸੰਪਾਦਕ:
ਸੁਰਿੰਦਰ ਧੰਜਲ

*Your Satisfaction Is Our Pleasure*

# PAMELA INTERNATIONAL TRAVEL

**4877 MAIN STREET, VANCOUVER, B.C. PHONE: 876-2248**

SERVING YOU AT DIFFERENT LOCATIONS:
DELHI, BANGKOK, HONG KONG & LOS ANGELES

SPECIALIZE IN FARES TO
INDIA, LONDON, HONG KONG, TOKYO, FIJI, SINGAPORE, BANGKOK

**SPECIAL EXCURSION FARES TO INDIA**

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ:

## FOR ALL YOUR TRAVEL NEEDS
## CONTACT

## PAMTRAVEL — 876-2248

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ: ਵਤਨੋਂ ਦੂਰ

LITERARY & CULTURAL MONTHLY OF PANJABI
*THE WATNO DUR*
14768 HALSTEAD PLACE, SURREY, B.C. CANADA V3R 6S5

Second Class Mail Registration No. 3233
Vol. 5, No. 44 FEBRUARY 1977

# WATNO DŪR ADMINISTRATION BOARD

**FOUNDER PUBLISHER:**

Tara Singh Hayer - Surrey 584-3714

**EDITOR:**

Surinder Dhanjal - Vancouver 438-7793

**ASST. EDITOR**

Sadhu - Burnaby 437-9014

**EDITORIAL BOARD:**

| | | |
|---|---|---|
| Ajmer Rodey M.A.Sc. | Vancouver, B.C. | 438-7793 |
| Iqbal Ramuwalia M.A. | Toronto, Ontario | 741-7538 |
| Latt Bhinder M.A. | Edmonton, Alberta | 478-8436 |
| Sarwan Boal M.A. | Burnaby, B.C. | 434-6498 |

**PRODUCTION BOARD:**

| | | |
|---|---|---|
| Daljit Toor (Advertising Editor) | Vancouver, B.C. | 438-5660 |
| Karamjit Ghuman (Asst. Adv. Editor) | Vancouver, B.C. | 324-0147 |
| G. Tallewalia (Managing Editor) | Richmond, B.C. | 271-4742 |

**CIRCULATION BOARD:**

| | | |
|---|---|---|
| Kashmira Singh Chaman | Calgary, Alberta | 262-8307 |
| Amarjit Chahal | Squamish, B.C. | 892-3085 |
| Balbir Dhaliwal | Burnaby, B.C. | 433-3487 |
| Harnek Mann | Prince George, B.C. | 564-6245 |
| Joginder Aulakh | Mission, B.C. | 826-4888 |
| Jasbir Chahal | Victoria, B.C. | 385-4966 |
| Gurmail S. Bains | Williams Lake, B.C. | 392-3698 |
| Avtar Singh | Quesnel, B.C. | 992-7578 |
| Raj Singh Mann | Winnipeg, Manitoba | 775-6876 |

**ADVISORY BOARD:**

| | | |
|---|---|---|
| Navtej Bharti | London, Ontario | 433-7464 |
| Kesar Singh Novelist | Onoway, Alberta | 932-5262 |

---

WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.